# ਬਿੰਦੂ ਤੇ ਦਾਇਰੇ



ਚਰਨ ਸਿੰਘ

# ਬਿੰਦੂ ਤੇ ਦਾਇਰੇ

(ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼

ਰਘਬੀਰ ਰਚਨਾ ਪ੍ਰਕਾਸ਼ਨ

**BINDU TE DAIRE**
(A Collection of Poems)

By : Charan Singh
9251, Arvida, Dr.
Richmond B.C.
V7A 4K5
Canada
Phone : 604-448-0331

© Author

Edition : 2009

Price : Rs. 130/-

ISBN : 978-81-7914-316-2

Title Designed by : T. Singh

**Published by :**
Tarlochan Publishers
3236, Sector 15-D, Chandigarh
Tel. : 0172-4613236 (M) 98786 03236
E-mail : tarlochanpublishers@yahoo.co.in

**Branch :** CB-67D, DDA Flats, Hari Nagar, New Delhi-64

---

ਬਿੰਦੂ ਤੇ ਦਾਇਰੇ (ਕਾਵਿ-ਸੰਗ੍ਰਹਿ), ਲੇਖਕ : ਚਰਨ ਸਿੰਘ
ਪ੍ਰਕਾਸ਼ਕ : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
ਛਾਪਕ : ਮੋਨਾ ਐਂਟਰਪ੍ਰਾਈਜਸ, ਦਿੱਲੀ

# ਸਮਰਪਣ

ਆਪਣੇ ਹਮ ਉਮਰ ਕਵੀਆਂ
ਦੇ ਨਾਂ

## ਚਰਨ ਸਿੰਘ ਦਾ ਜੀਵਨ ਬਿਉਰਾ

ਨਾਮ : ਚਰਨ ਸਿੰਘ
ਜਨਮ : ਪਿੰਡ ਬੇਗੋਵਾਲ, 1 ਨਵੰਬਰ, 1947
ਪਿਤਾ ਦਾ ਨਾਮ : ਸ: ਲਾਲ ਸਿੰਘ
ਮਾਤਾ ਦਾ ਨਾਮ : ਸਰਦਾਰਨੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲ ਕੋਟ ਖਾਲਸਾ ਹਾਈ ਸਕੂਲ, ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ, ਜਲੰਧਰ
ਐਮ.ਏ. ਪੰਜਾਬੀ

ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

## ਪੁਸਤਕਾਂ

### ਛਪ ਚੁੱਕੇ ਕਾਵਿ-ਸੰਗ੍ਰਹਿ

1. ਤੀਸਰੀ ਅੱਖ (ਕਾਵਿ ਸੰਗ੍ਰਹਿ) 1982
2. ਮਿੱਟੀ ਤੇ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
3. ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
4. ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
5. ਗਗਨ ਮੇਂ ਥਾਲੁ (ਕਾਵਿ ਸੰਗ੍ਰਹਿ) 2008
6. ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
7. ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
8. ਮੁੜਕੋ ਮੁੜਕੀ ਪੌਣ (ਕਾਵਿ ਸੰਗ੍ਰਹਿ) 2009
9. ਵਿਪਰੀਤ (ਕਾਵਿ ਸੰਗ੍ਰਹਿ) 2009
10. ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009

## ਛਪਣ ਹਿੱਤ ਪੁਸਤਕਾਂ

11. ਤੁੱਪਕਾ ਤੁੱਪਕਾ ਸੂਰਜ (ਕਾਵਿ ਸੰਗ੍ਰਹਿ)
12. ਹੋਂਦ ਦੀ ਤਲਾਸ਼ (ਲੰਬੀ ਕਵਿਤਾ)
13. ਪ੍ਰਕਰਮਾ (ਕਾਵਿ ਸੰਗ੍ਰਹਿ)
14. ਅੰਤਰੀਵ (ਕਾਵਿ ਸੰਗ੍ਰਹਿ)
15. ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ)
16. ਤੋਤਲੇ ਗੀਤ
17. ਤ੍ਰੈਕਾਲ (ਕਾਵਿ ਸੰਗ੍ਰਹਿ)
18. ਤ੍ਰਿਵੈਣੀ (ਕਾਵਿ ਸੰਗ੍ਰਹਿ)
19. ਰਿਸ਼ਮਾਂ (ਕਾਵਿ ਸੰਗ੍ਰਹਿ)
20. ਦਰਪਣ (ਕਾਵਿ ਸੰਗ੍ਰਹਿ)
21. ਬੁੱਕਲ (ਕਾਵਿ ਸੰਗ੍ਰਹਿ)
22. ਕਿਵ ਸੱਚਿਆਰਾ ਹੋਈਐ (ਨਾਟਕ)

## ਅਵਾਰਡਜ਼

1. ਸ਼ਾਮੇ ਪੰਜਾਬ Distinction Award
   From Indo-Canadian Times 1984
2. Award of Distinction
   From Indo-Canadian Times 1986
3. Prof. Mohan Singh Memorial
   Foundation Canadian
   Award for the Contribution to
   Punjabi Litrature 2007
4. NRI Sabha Jalandhar City
   Award of Distinction 2003
5. Award of Distinction
   From Radio Rim Jim Canada 1993
6. ਸ਼ੂਨਯ-ਬੋਧ ਕਾਵਿ-ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
   M.A. Punjabi As A Text Book
7. ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਚਰਨ ਸਿੰਘ ਦੀਆਂ
   ਪੁਸਤਕਾਂ 'ਤੇ Ph.D ਕੀਤੀ

# ਤਤਕਰਾ


| ਕ੍ਰਮ ਨੰ: | | ਪੰਨਾ ਨੰ: |
|---|---|---|
| 1. | ਇਕੱਲਤਾ ਤੇ ਰੌਣਕ | 07 |
| 2. | ਮਨੁੱਖ ਤੇ ਪ੍ਰਕਿਰਤੀ | 11 |
| 3. | ਕਵਿਤਾ | 16 |
| 4. | ਗੁਰੂ | 21 |
| 5. | ਵੀਰਯ ਦਾ ਕਤਰਾ | 25 |
| 6. | ਦੋ ਦਿਸ਼ਾਵਾਂ | 30 |
| 7. | ਮੈਲਾ ਵਰਤਮਾਨ | 35 |
| 8. | ਬੁੱਤ ਤੇ ਉਦਾਸੀ-ਪ੍ਰਭਾਵ ਪਹਿਲਾ | 39 |
| 9. | ਬੁੱਤ ਤੇ ਉਦਾਸੀ-ਪ੍ਰਭਾਵ ਦੂਜਾ | 42 |
| 10. | ਬੁੱਤ ਤੇ ਉਦਾਸੀ-ਪ੍ਰਭਾਵ ਤੀਜਾ | 44 |
| 11. | ਬੁੱਤ ਤੇ ਉਦਾਸੀ-ਪ੍ਰਭਾਵ ਚੌਥਾ | 46 |
| 12. | ਬੁੱਤ ਤੇ ਉਦਾਸੀ-ਪ੍ਰਭਾਵ ਪੰਜਵਾਂ | 48 |
| 13. | ਬੁੱਤ ਤੇ ਉਦਾਸੀ-ਰਹਾਓ | 51 |
| 14. | ਬੁੱਤ ਤੇ ਉਦਾਸੀ-ਪ੍ਰਭਾਵ ਛੇਵਾਂ | 52 |
| 15. | ਕੱਪਟੀ | 57 |
| 16. | ਸਭਿਅਕ ਲੋਕ | 60 |
| 17. | ਮੈਂ ਆਖਿਆ ਸੀ ਆਪਣੇ ਆਪ ਨੂੰ | 66 |
| 18. | ਰੂਹ ਤੇ ਬਸਤਰ | 70 |
| 20. | ਵਰਤਮਾਨ | 71 |
| 21. | ਬੇਦਿਲੀ ਸੋਚ | 75 |
| 22. | ਬੋਧ | 80 |
| 23. | ਸਮਾਂ | 86 |
| 24. | ਸ਼ਬਦ ਤੇ ਅਰਥ-ਪ੍ਰਭਾਵ ਪਹਿਲਾ | 91 |
| 25. | ਸ਼ਬਦ ਤੇ ਅਰਥ-ਪ੍ਰਭਾਵ ਦੂਜਾ | 94 |
| 26. | ਸਫ਼ਰ | 98 |

# ਇਕੱਲਤਾ ਤੇ ਰੌਣਕ

ਆਦਮੀ 'ਚੋਂ
ਕਈ ਰਾਹ ਦਿਸ਼ਾਵਾਂ ਤੇ ਮੰਜ਼ਿਲਾਂ ਜਨਮੀਆਂ ਹਨ
ਜਿਵੇਂ ਬੀਜ 'ਚੋਂ ਰੁੱਖ
ਟਹਿਣੀਆਂ ਪੱਤੇ ਫੁੱਲ ਫਲ ਜਨਮਦੇ ਹਨ
ਪਰ ਆਦਮੀ ਸਵੈ
ਆਪਣੇ ਪ੍ਰਯੋਜਨ ਤੋਂ ਦਿਸ਼ਾਹੀਣ ਰਿਹਾ ਹੈ
ਤੇ ਆਪਣੇ ਖਿਲਾਫ਼ ਤੁਰਦਾ ਤੁਰਦਾ
ਮਨੁੱਖਤਾ ਵੱਲ ਪਿੱਠ ਕਰਕੇ ਬਹਿ ਗਿਆ ਹੈ
- 0 -
ਮਨੁੱਖਤਾ ਦੇ ਉਲਟ
ਨਾ ਕੋਈ ਰਾਹ ਹੈ ਨਾ ਮੰਜ਼ਿਲ ਹੈ
ਬਸ ਦਿਸ਼ਾਹੀਣਤਾ ਤੇ ਭਟਕਣਾ ਦਾ ਸਫ਼ਰ ਹੈ
ਭਟਕਣਾ 'ਚ ਗੁਆਚਾ ਮਨੁੱਖ
ਆਪਣੇ ਮੂਲ ਤੋਂ ਦੂਰ ਹੋਣ ਦੇ ਨਾਲ ਨਾਲ
ਆਪਣੇ ਆਪ ਤੋਂ ਵੀ ਦੂਰ ਹੋ ਗਿਆ ਹੈ
ਆਪਣੇ ਹੀ ਪੈਰਾਂ 'ਚ ਗੁਆਚ ਗਿਆ ਹੈ
ਆਪਣੀ ਹੀ ਦੇਹ 'ਚ ਭੁੱਲ ਗਿਆ ਹੈ
ਆਪਣੀਆਂ ਹੀ ਨਜ਼ਰਾਂ 'ਚ ਗਿਰ ਗਿਆ ਹੈ
ਜ਼ਰਿਆਂ ਵਾਂਗ ਖਿੱਲਰ ਗਿਆ ਹੈ
ਤਾਰਿਆਂ ਵਾਂਗ ਬਿੱਖਰ ਗਿਆ ਹੈ
- 0 -
ਮਨੁੱਖ ਦੇ ਚਿਹਰੇ ਤੇ ਪੱਥਰਾਂ ਦੇ ਪਹਾੜ
ਤੇ ਕਈ ਸਹਿਰਾ ਉੱਗ ਆਏ ਹਨ
ਜਿਸ 'ਚ ਉਹ ਗੁਆਚਾ
ਆਪਣੇ ਆਪ 'ਚ ਪਰਤ ਨਾ ਸਕਿਆ
ਤੇ ਉਹ ਰਾਹ ਤੇ ਦਿਸ਼ਾਵਾਂ
ਜੋ ਉਸ 'ਚੋਂ ਜਨਮੀਆਂ ਸਨ

ਉਸ ਵੱਲ ਪਰਤਣ ਲਈ ਗਤੀਹੀਣ ਹੋ ਗਈਆਂ ਹਨ
ਉਸ ਵੱਲ ਪਿੱਠ ਕਰਕੇ
ਆਪਣੀ ਮਧਰੀ ਦੇਹ ਦੇ ਲੰਮੇਰੇ
ਸਾਏ ਫੜ ਰਹੀਆਂ ਹਨ .

- 0 -

ਅਜੋਕੇ ਸਮੇਂ ਦਾ ਮਨੁੱਖ ਇਕੱਲਾ ਹੈ
ਉਸ ਦੀ ਦੇਹ 'ਚ ਇਕੱਲਤਾ ਸੋਚ 'ਚ ਇਕੱਲਤਾ
ਉਹ ਇਕੱਲਤਾ ਜੀਅ ਰਿਹਾ ਹੈ
ਇਕੱਲਤਾ ਮਰ ਰਿਹਾ ਹੈ
ਆਪਣੇ ਅੰਦਰ ਤੇ ਦੁਆਲੇ
ਇਕੱਲਤਾ ਧਰ ਰਿਹਾ ਹੈ
ਇਕੱਲਤਾ ਦੇ ਚੱਕਰ 'ਚ
ਉਹ ਏਨਾ ਪੈਂਡਾ ਤਹਿ ਕਰ ਗਿਆ ਹੈ
ਕਿ ਉਸ ਵਿਚਲਾ ਮਨੁੱਖ
ਉਸ 'ਚੋਂ ਨੁੱਚੜ ਗਿਆ ਹੈ
ਬਸ ਬਾਕੀ ਇਕੱਲਤਾ ਰਹਿ ਗਈ ਹੈ
ਚੇਤਨਤਾ 'ਚ ਦਿਲ 'ਚ ਲਹੂ 'ਚ
ਇਕੱਲਤਾ ਵਹਿ ਗਈ ਹੈ

- 0 -

ਇਕੱਲਤਾ ਨੂੰ
ਮਨੁੱਖ 'ਚੋਂ ਨੁੱਚੜੇ ਮਨੁੱਖ ਦਾ
ਬੜਾ ਅਫਸੋਸ ਹੋਇਆ ਹੈ
ਕਿਉਂਕਿ ਇਕੱਲਤਾ ਦੀ ਆਪਣੀ
ਕੋਈ ਹੋਂਦ ਨਹੀਂ
ਇਕੱਲਤਾ ਮਨੁੱਖ ਕਰਕੇ ਹੀ ਇਕੱਲਤਾ ਹੈ
ਇਕੱਲਤਾ ਦੀ ਅਨੁਭਵੀ ਪ੍ਰਯੋਗਸ਼ਾਲਾ ਮਨੁੱਖ ਹੈ
ਇਕੱਲਤਾ ਦੀ ਹੋਂਦ ਮਨੁੱਖ ਹੈ

ਇਕੱਲਤਾ ਦਾ ਸਿਰਜਕ ਮਨੁੱਖ ਹੈ
ਇਕੱਲਤਾ ਦਾ ਸੱਚ ਮਨੁੱਖ ਹੈ
ਮਨੁੱਖ ਬਿਨ ਇਕੱਲਤਾ
ਇਕ ਅਰਥਹੀਣ ਸ਼ਬਦ ਹੈ
ਜਿਸ ਦਾ ਕੋਈ ਅਰਥ ਨਹੀਂ ਹੋਂਦ ਨਹੀਂ
ਵਜ਼ੂਦ ਨਹੀਂ
- o -
ਇਕੱਲਤਾ ਸ਼ਬਦ
ਆਪਣੇ ਅਰਥ ਦੀ ਭਾਲ 'ਚ ਨਿਕਲਿਆ
ਤੇ ਰੌਣਕ ਦੀ ਅੱਖ 'ਚ ਜਾ ਪਿਆ
ਰੌਣਕ ਨੂੰ ਇੰਜ ਲਗਾ
ਜਿਵੇਂ ਕੋਈ ਬੱਦਲੀ
ਉਸ ਦੇ ਜਿਸਮ ਤੇ ਵਰ੍ਹ ਗਈ ਹੋਵੇ
ਰੌਣਕ ਦੀ ਤਲੀ ਤੇ
ਉਸ ਦਾ ਸੱਚ ਧਰ ਗਈ ਹੋਵੇ
ਕਿ ਰੌਣਕ ਇਕੱਲਤਾ ਕਾਰਨ ਰੌਣਕ ਹੈ
ਜੇ ਇਕੱਲਤਾ ਨਹੀਂ
ਤਾਂ ਰੌਣਕ ਦਾ ਕੋਈ ਸੱਚ ਨਹੀਂ ਹੋਂਦ ਨਹੀਂ
ਵਜ਼ੂਦ ਨਹੀਂ
- o -
ਇਕੱਲਤਾ ਨੂੰ
ਆਪਣੇ ਸ਼ਬਦ 'ਚੋਂ ਆਪਣੇ ਅਰਥ ਦਾ
ਗਿਆਨ ਹੋਇਆ
ਇਕੱਲਤਾ ਸ਼ਬਦ
ਮਨੁੱਖ 'ਚੋਂ ਨੁੱਚੜੇ ਮਨੁੱਖ ਤੇ ਬੜਾ ਹੀ ਰੋਇਆ
ਉਹ ਸਿੱਧੇ ਪੈਰੀ ਤੁਰਿਆ
ਤੇ ਆਪਣਾ ਮੂੰਹ ਮਨੁੱਖਤਾ ਵੱਲ ਕਰਕੇ ਬੈਠ ਗਿਆ

ਮਨੁੱਖਤਾ ਦੇ ਚਿਹਰੇ ਤੇ
ਹਰਆਵਲੇ ਜੰਗਲ ਦੀ ਤਰ੍ਹਾਂ
ਵਗਦੇ ਦਰਿਆਵਾਂ ਨਦੀਆਂ ਦੀ ਤਰ੍ਹਾਂ
ਆਪਣੇ ਅਰਥ 'ਚ ਜਿਉਂਦੀ ਰੌਣਕ ਦੀ ਤਰ੍ਹਾਂ
ਸਮੁੰਦਰ 'ਚ ਅਕਾਸ਼ ਦੀ ਤਰ੍ਹਾਂ
ਸਹਿਰਾ 'ਚ ਜਲ ਦੀ ਤ੍ਰਿਸ਼ਨਾ ਦੀ ਤਰ੍ਹਾਂ
- o -
ਇਕੱਲਤਾ ਸ਼ਬਦ
ਮਨੁੱਖ 'ਚੋਂ ਨੁੱਚੜੇ ਮਨੁੱਖ ਤੇ ਮਿੱਟੀ ਪਾ
ਨਵੇਂ ਮਨੁੱਖ ਦਾ ਸੰਕਲਪ
ਸਿਰਜ ਰਿਹਾ ਸੀ
ਆਪਣੇ ਆਪ ਨੂੰ ਰੌਣਕ ਦਾ ਨਾਮ ਦੇ ਰਿਹਾ ਸੀ
ਆਪਣੀ ਇਕੱਲਤਾ ਨੂੰ
ਮਨੁੱਖ ਦੀ ਛਾਂ ਦੇ ਰਿਹਾ ਸੀ
ਇਕੱਲਤਾ ਸ਼ਬਦ ਆਪਣੇ ਅਰਥ ਦੀ
ਹੋਂਦ ਜੀਅ ਰਿਹਾ ਸੀ
ਰੌਣਕ ਸਿਰਜਦਾ ਰੌਣਕ ਵਿਸਥਾਰਦਾ ਸੀ
ਮਨੁੱਖਤਾ ਦੀ ਦੇਹ 'ਚ ਰੌਣਕ ਬੀਜਦਾ
ਰੌਣਕ ਹੋ ਗਿਆ ਸੀ
ਆਪਣੀ ਇਕੱਲਤਾ 'ਚ ਗੁਆਚਾ
ਰੌਣਕ 'ਚ ਖੋ ਗਿਆ ਸੀ
ਇਕੱਲਤਾ ਤੋਂ ਰੌਣਕ, ਰੌਣਕ ਤੋਂ ਮਨੁੱਖ
ਮਨੁੱਖ ਤੋਂ ਮਨੁੱਖਤਾ ਹੋ ਗਿਆ ਸੀ

## ਮਨੁੱਖ ਤੇ ਪ੍ਰਕਿਰਤੀ

ਪ੍ਰਕਿਰਤੀ 'ਚੋਂ ਮੈਂ
ਮੇਰੇ 'ਚੋਂ ਪ੍ਰਕਿਰਤੀ ਦਾ ਸਿਰਜਣਹਾਰ
ਜਨਮਿਆਂ ਹੈ
ਸੰਕਲਪ ਤੇ ਅਰਥ 'ਚ ਸਿਰਜਣਹਾਰ
ਮੇਰੇ ਸ਼ਬਦ ਤੇ ਜਨਮ ਤੋਂ ਪਹਿਲਾ ਵੀ ਸੀ
ਪਿੱਛੋਂ ਵੀ ਹੈ
ਮੈਂ ਤਾਂ ਉਸ ਸ਼ਕਤੀ ਦੇ ਸੰਕਲਪ ਤੇ ਅਰਥ ਨੂੰ
ਸ਼ਬਦ ਦਾ ਨਾਮ ਦਿੱਤਾ ਹੈ
ਸਭ ਤੋਂ ਉੱਚਾ ਥਾਂ ਦਿੱਤਾ ਹੈ

- o -

ਮੇਰੇ ਮੂੰਹ ਤੇ ਕੁੱਲ ਪ੍ਰਕਿਰਤੀ ਉੱਗ ਆਈ ਹੈ
ਤੇ ਮੈਂ ਮਨੁੱਖ ਤੋਂ
ਪ੍ਰਕਿਰਤੀ ਹੋ ਗਿਆਂ ਹਾਂ
ਮੇਰਾ ਇਹ ਸਫ਼ਰ ਜਨਮ-ਜਨਮਾਂਤਰਾਂ ਦਾ ਹੈ
ਪ੍ਰਕਿਰਤੀ ਮੈਨੂੰ
ਗੋਦ 'ਚ ਖਿਡਾਇਆ ਜੀਵਨ ਦਾ ਢੰਗ ਸਿਖਾਇਆ
ਉਂਗਲੀ ਲਾ ਕੇ ਰਾਹ ਦਿਖਲਾਏ
ਆਪਣੇ ਸਭ ਭੇਦ ਸਮਝਾਏ
ਮੇਰੇ ਲਈ ਪ੍ਰਕਿਰਤੀ ਇਕ ਮਦਰੱਸਾ ਸੀ
ਭਾਸ਼ਾ ਉਤਪਤੀ ਤੋਂ ਪਹਿਲਾਂ
ਭਾਸ਼ਾ ਦੀ ਜਿੱਥੇ ਸਿਖਲਾਈ ਸੀ
ਉਹ ਪ੍ਰਕਿਰਤੀ
ਮੈਂ ਆਪਣੇ ਸਾਹਾਂ 'ਚ ਵਸਾਈ ਸੀ

- o -

ਜਦ ਮੇਰੇ 'ਚ ਭੁੱਖ ਪਿਆਸ ਚੇਤਨਾ ਜਾਗੀ
ਪ੍ਰਕਿਰਤੀ ਨੇ ਭੁੱਖ ਤ੍ਰਿਪਤੀ ਦੇ ਸਾਧਨ
ਤੇ ਪਿਆਸ ਨੇ ਜਲ ਵਿਖਾਇਆ

ਮੇਰੇ ਅੰਦਰਲੇ ਕਈ ਬੰਦ ਦਰਵਾਜ਼ੇ ਖੁੱਲ੍ਹੇ
ਲੰਘਿਆ ਮੈਂ ਇੱਕ ਇੱਕ ਦਰਵਾਜ਼ਾ
ਤੇ ਆਪਣੇ ਆਪ ਤਕ ਆਇਆ
ਜਿੱਥੇ ਪ੍ਰਕਿਰਤੀ ਹੀ ਪ੍ਰਕਿਰਤੀ ਸੀ
ਆਸਰਾ ਤੇ ਸ਼ਰਨ ਪ੍ਰਕਿਰਤੀ ਸੀ
- o -
ਹੌਲੀ ਹੌਲੀ
ਮੇਰੀਆਂ ਅੱਖਾਂ ਸਾਹਵੇਂ
ਮੇਰੇ ਆਪੇ ਦਾ ਵਿਸਥਾਰ ਜਨਮਿਆ
ਡਰ ਜਨਮਿਆ ਨਫ਼ਰਤ ਜਨਮੀ
ਪਿਆਰ ਜਨਮਿਆ
ਮੇਰੀ ਚੇਤਨਾ 'ਚ ਮੇਰਾ ਆਪਣਾ ਹੀ ਸੰਸਾਰ ਜਨਮਿਆ
ਡਰ ਮੇਰੇ 'ਚੋਂ ਸੁਰੱਖਸ਼ਾ ਜਨਮੀ
ਪਿਆਰ ਲਈ ਪ੍ਰਕਿਰਤੀ ਆਪਣੀ ਮਮਤਾ
ਮੇਰੇ ਉਤੋਂ ਵਾਰੀ
ਤੇ ਆਪਣੀਆਂ ਅੱਖਾਂ 'ਚ ਮੈਨੂੰ
ਅੱਥਰੂ ਵਾਂਗੂੰ ਪਾਇਆ
- o -
ਮੇਰੇ ਨਾਲ ਹੀ ਸਮਾਂ ਵਡੇਰਾ ਹੋਇਆ
ਮੈਂ ਤੇ ਸਮਾਂ ਇਕ ਦੂਜੇ ਦੇ ਹਾਣੀ
ਸਮੇਂ ਨਾਲੋਂ ਵੀ ਮੇਰੀ ਜਾਤ ਪੁਰਾਣੀ
ਮੈਂ ਤੇ ਸਮਾਂ ਇਕ ਦੂਜੇ ਦੀਆਂ ਅੱਖਾਂ ਰਾਹੀਂ
ਇਕ ਦੂਜੇ ਦੀ ਦੇਹ 'ਚ ਉਤਰਦੇ
ਇਕ ਦੂਜੇ ਨੂੰ ਪਹਿਚਾਣਦੇ
ਇਕ ਦੂਜੇ ਦਾ ਅੰਦਰ ਬਾਹਰ ਜਾਣਦੇ
ਫਿਰ ਆਪਣੇ ਆਪ 'ਚ ਵਾਪਸ ਪਰਤਕੇ
ਆਪਣੀ ਆਪਣੀ ਹੋਂਦ ਦੇ ਕੁੱਛੜ ਬਹਿੰਦੇ
- o -

ਫਿਰ ਇਕ ਦਿਨ ਅਚਾਨਕ
ਮੇਰੇ ਮੂੰਹੋਂ, ਮਾਂ
ਤੇ ਸਮੇਂ 'ਚੋਂ ਮਾਂ ਦੇ ਸ਼ਬਦ ਨੇ ਜਨਮ ਲਿਆ
ਇੰਜ ਪ੍ਰਕਿਰਤੀ ਦੇ ਮਦਰੱਸੇ 'ਚ
ਹੋ ਭਾਸ਼ਾ ਪ੍ਰਵੇਸ਼ ਗਿਆ
ਹੌਲੀ ਹੌਲੀ ਆਲੇ ਦੁਆਲੇ
ਜਿਉਂਦੇ ਜਾਗਦੇ ਅਰਥਾਂ ਦੇ ਲਈ
ਸ਼ਬਦਾਂ ਦੀ ਸਿਰਜਣਾ ਹੋਈ
ਦੇਹ 'ਚ ਚੇਤਨਤਾ ਜੋ ਬੀਜ ਰੂਪ ਸੀ
ਰੁੱਖ ਦੀ ਉਮਰ ਦੀ ਹੋਈ

– o –

ਮੇਰੇ ਅੰਦਰੋਂ ਕਈ ਦਿਸ਼ਾਵਾਂ ਫੁੱਟੀਆਂ
ਤੇ ਦੁਆਲੇ ਫੈਲੀਆਂ
ਮੈਂ ਆਪਣਾ ਸ਼ਬਦ ਤਿਆਗ
ਅਰਥ ਹੋ, ਦਿਸ਼ਾਵਾਂ ਦੇ ਸਿੰਗੀਂ ਚੜ੍ਹਿਆ
ਮੇਰੇ ਅੰਦਰ ਰਾਹਾਂ ਦਿਸ਼ਾਵਾਂ ਤੇ ਮੰਜ਼ਿਲਾਂ
ਦੇ ਹਜੂਮ ਤੁਰੇ
ਜੁੜਦਾ ਗਿਆ ਇਕ ਕਾਫ਼ਲਾ
ਜਿੱਧਰ ਵੀ ਮੈਂ ਗਿਆ

– o –

ਮੈਂ ਆਪਣੇ ਦੁਆਲੇ
ਏਨਾ ਵਿਕਸਤ ਹੋਇਆ
ਮੇਰਾ ਹਰ ਅੰਗ ਮੇਰੇ ਦੁਆਲੇ
ਮੇਰਾ ਚਿਹਰਾ ਹੋ ਉੱਗ ਖਲੋਇਆ

ਚੇਤਨਾ ਦਾ ਸਫ਼ਰ
ਮੇਰੇ ਸਵੈ ਤੇ ਆ ਕੇ ਮੁੱਕਾ
ਸਮਝ ਆਈ

ਮੈਂ ਅਰਥਾਂ ਵਾਂਗੂੰ ਸਮੇਂ ਤੋਂ ਪਹਿਲਾਂ ਵੀ ਸਾਂ
ਪਿੱਛੋਂ ਵੀ ਹਾਂ
ਮੇਰੇ ਸਵੈ ਦੀ ਤ੍ਰਿਸ਼ਨਾ ਹੀ
ਪ੍ਰਕਿਰਤੀ ਦਾ ਸਿਰਜਣਹਾਰ ਹੈ
ਪ੍ਰਕਿਰਤੀ ਦੇ ਆਦਿ ਵਿਚ ਵੀ ਮੈਂ ਹੀ ਸਾਂ
ਅੰਤ ਵਿਚ ਵੀ ਮੈਂ ਹੀ ਹਾਂ
ਮੇਰੇ ਅਰਥ ਦੀ ਵਿਸ਼ਾਲਤਾ
ਕਿਸੇ ਸ਼ਬਦ ਦੀ ਮੁਥਾਜ਼ ਨਹੀਂ
ਮੈਂ ਸ਼ਬਦ ਤੋਂ ਪਹਿਲਾਂ ਵੀ ਸਾਂ
ਸ਼ਬਦ ਤੋਂ ਪਿੱਛੋਂ ਵੀ ਹਾਂ
- o -
ਮਨੁੱਖ ਚੇਤਨਤਾ ਸਦਕਾ
ਆਪਣੇ ਸਵੈ ਨੂੰ ਪਹਿਚਾਣ ਸਕਦਾ ਹੈ
ਆਪਣੇ ਜਨਮ ਤੇ ਮਰਨ ਦਾ ਲਕਸ਼
ਜਾਣ ਸਕਦਾ ਹੈ
ਪ੍ਰਕਿਰਤੀ ਦੀ ਗੋਦ 'ਚ ਖੇਡਿਆ ਮੈਂ ਆਦਿ ਮਨੁੱਖ
ਅਜੋਕੇ ਮਨੁੱਖ ਦਾ ਵਿਸਥਾਰ ਹਾਂ
- o -
ਜੰਗਲ ਤੋਂ ਕੱਚ ਦੀ ਦੁਨੀਆਂ ਦਾ ਸਫ਼ਰ ਹਾਂ
ਰੌਸ਼ਨੀਆਂ 'ਚ ਜਗਦੀ ਦੁਨੀਆਂ ਦਾ ਪ੍ਰਤੀਕ ਹਾਂ
ਅੱਜ ਮੈਂ ਹਵਾ 'ਚ ਉੱਡਦਾ ਹਾਂ
ਪ੍ਰਕਿਰਤੀ ਪਰਤ ਦਰ ਪਰਤ ਖੋਲ੍ਹਦਾ ਹਾਂ
ਮੈਂ ਸੱਚ ਜਾਣਨ ਦੀ ਚੇਤਨਾ ਹਾਂ
ਅੰਬਰ ਦੇ ਕੰਠ 'ਚੋਂ ਬੋਲਦਾ ਹਾਂ
- o -
ਮੈਂ ਪ੍ਰਕਿਰਤੀ ਤੋਂ ਜਿੰਨਾ ਦੂਰ ਹੁੰਦਾ ਗਿਆ
ਆਪਣੇ ਸਵੈ ਤੋਂ ਵੀ ਦੂਰ ਹੁੰਦਾ ਗਿਆ

ਅੱਜ ਮੈਂ ਆਪਣੇ 'ਚ ਗੁਆਚੇ ਸਵੈ ਦੀ ਭਾਲ 'ਚ
ਸ਼ੀਸ਼ੇ ਦੀ ਦੁਨੀਆਂ 'ਚ ਜੰਗਲ ਬੀਜ ਰਿਹਾ ਹਾਂ
ਕੰਧਾਂ ਤੇ ਛੱਤਾਂ ਤੇ ਕੁਦਰਤ ਸਾਜ ਰਿਹਾ ਹਾਂ
ਉਸ ਕੰਠ ਦੀ ਭਾਲ 'ਚ ਹਾਂ ਜਿਸ ਦੀ ਅਵਾਜ਼ ਰਿਹਾ ਹਾਂ
ਉਹ ਧੁੰਨ ਢੂੰਡਦਾ ਹਾਂ
ਕਾਦਰ ਤੇ ਕੁਦਰਤ 'ਚ ਜਿਸਦਾ ਸਾਜ਼ ਰਿਹਾ ਹਾਂ
ਕੁਦਰਤ ਤੋਂ ਵਿੱਛੜ ਕੇ ਜੋ ਵੀ ਪਾਇਆ ਹੈ
ਉਸ ਦੇ ਬਦਲੇ ਮੈਂ ਆਪਣਾ ਸੱਚ
ਆਪਣਾ ਰੱਬ ਗੁਆਇਆ ਹੈ

- 0 -

ਮੇਰੇ ਅੰਦਰ ਬਾਹਰ ਕੱਚ ਦਾ ਵਿਸਥਾਰ ਹੈ
ਕੱਚ ਦੀ ਦੇਹ ਹੈ ਕੱਚ ਦਾ ਸਾਇਆ ਹੈ
ਮੈਂ ਆਪਣੀ ਰੂਹ ਤੋਂ ਦੇਹ ਤੱਕ ਕੱਚ ਹੀ ਕੱਚ ਉਗਾਇਆ ਹੈ
ਸਿਰਜਣ ਲਈ ਇਕ ਦੁਨੀਆਂ ਸ਼ੀਸ਼ੇ ਦੀ
ਮੈਂ ਆਪਣੇ ਪਿੱਛੇ ਨੱਸਦੇ ਨੱਸਦੇ ਨੇ
ਆਪਣੇ ਹੱਥੀਂ ਆਪਣਾ ਮੂਲ ਗੁਆਇਆ ਹੈ
ਕੁਦਰਤ ਦੀ ਥਾਂ
ਮੇਰੇ ਮੂੰਹ ਤੇ ਸ਼ੀਸ਼ੇ ਦਾ ਜੰਗਲ ਉੱਗ ਆਇਆ ਹੈ

# ਕਵਿਤਾ

ਕਵਿਤਾ ਸ਼ਬਦਾਂ ਅਰਥਾਂ ਦਾ ਸੰਗ੍ਰਹਿ ਨਹੀਂ
ਸਗੋਂ ਸ਼ਬਦਾਂ 'ਚ ਲਪੇਟੇ ਅਰਥਾਂ ਦਾ
ਮੂੰਹੋਂ ਬੋਲਦਾ ਅਹਿਸਾਸ ਹੈ
ਅਰਥ ਜਿਉਂਦੀ ਜ਼ਿੰਦਗੀ ਦਾ
ਭੂਤ ਭਵਿੱਖ ਤੇ ਵਰਤਮਾਨ ਹੈ
ਕਵਿਤਾ
ਕਾਵਿਕ ਮਨ ਦੀ ਦਾਰਸ਼ਨਿਕ
ਵਿਗਿਆਨਕ ਤ੍ਰੈਕਾਲ ਮੁੱਖੀ ਅਭੀਵਿਅੱਕਤੀ ਹੈ
- O -
ਜ਼ਿੰਦਗੀ ਕਿਨ੍ਹਾਂ ਦਿਸ਼ਾਵਾਂ 'ਚ ਚਲਦੀ ਹੈ
ਕਿਹੜੇ ਚਾਨਣ ਸਿਰਜਦੀ ਹੈ
ਕਿਹੜੇ ਹਨੇਰੇ ਤੁਰਦੀ ਹੈ
ਆਪਣੀ ਪਿੱਠ ਤੇ ਉੱਗੇ ਜੰਗਲ 'ਚੋਂ
ਸ਼ੀਸ਼ੇ ਦੇ ਸ਼ਹਿਰ ਸਿਰਜਦੀ ਹੈ
ਨਵੀਆਂ ਧਰਤੀਆਂ ਨਵੇਂ ਅੰਬਰ ਉਸਾਰਦੀ ਹੈ
ਜ਼ਿੰਦਗੀ ਦੀ
ਕਾਰਜ ਪ੍ਰਣਾਲੀ ਦਾ ਤੱਤ ਕਵਿਤਾ ਹੈ
ਜੋ ਅਰਥਾਂ 'ਚੋਂ ਜਨਮਦੀ ਹੈ
ਸ਼ਬਦਾਂ 'ਚ ਤੁਰਦੀ ਹੈ
ਕਵਿਤਾ ਦਾ ਅਹਿਸਾਸ ਕਿੰਨ੍ਹਾ ਡੂੰਘਾ ਹੈ
ਸੂਖਸ਼ਮ ਤੇ ਪ੍ਰਭਾਵਸ਼ਾਲੀ ਹੈ
ਇਕ ਵਿਕਸਤ ਮਨੁੱਖੀ ਚੇਤਨਾ
ਸ਼ਬਦਾਂ ਤੇ ਅਰਥਾਂ ਦਾ ਵਿਸ਼ਾਲ ਸਮੁੰਦਰ
ਤਰਨ ਪਿਛੋਂ ਹੀ
ਅਭੀਵਿਅਕਤ ਕਰ ਸਕਦੀ ਹੈ
- O -
ਸ਼ਬਦ ਅਰਥ ਨੂੰ ਆਪਣੇ 'ਚ ਲਪੇਟਦਾ ਹੈ

ਅਰਥ ਆਪਣੇ ਕੱਜਣ ਤੋਂ ਸੰਤੁਸ਼ਟ ਨਹੀਂ
ਸ਼ਬਦੀ ਖੋਲ
ਅਰਥ ਆਕਾਰ ਦੇ ਮੇਚ ਨਹੀਂ
ਫਿਰ ਵੀ ਪਾਠਕ ਨੂੰ
ਸ਼ਬਦਾਂ ਦੇ ਸੌੜੇਪਣ 'ਚੋਂ ਲੰਘ ਕੇ
ਅਰਥਾਂ ਦੀ ਵਿਸ਼ਾਲਤਾ ਦਾ ਸਫ਼ਰ ਕਰਨਾ ਹੈ
ਅਰਥ ਦੀ ਅਸੀਮਤਾ ਗਹਿਰਾਈ ਦਿਸ਼ਾਵਾਂ
ਕੋਨਾਂ ਤੇ ਬਿੰਦੂਆਂ 'ਚੋਂ ਗੁਜ਼ਰਨਾ ਹੈ
ਅਰਥ 'ਚ ਸਾਹ ਲੈ ਰਹੇ ਜੀਵਨ ਪਲ ਦੀ ਹੋਂਦ ਨੂੰ
ਸਮਝਣਾ ਵਿਚਾਰਨਾ ਤੇ ਵਿਸਥਾਰਨਾ ਹੈ
- 0 -
ਭਾਸ਼ਾ ਅਰਥ ਦੇ ਭਾਵੁਕ ਸੱਚ ਲਈ
ਬਹੁਤ ਨੀਵੀਂ ਹੈ
ਸ਼ਬਦ ਕਿਰਨ ਹੈ ਅਰਥ ਸੂਰਜ ਹੈ
ਕਿਰਨਾਂ ਰਾਹੀਂ ਸੂਰਜ ਤਕ
ਸੂਰਜ ਰਾਹੀਂ ਕਿਰਨਾਂ ਤੱਕ ਦਾ ਸਫ਼ਰ ਹੀ
ਕਾਵਿ ਵਿਚਲੇ ਸ਼ਬਦ ਤੇ ਅਰਥ ਨੂੰ ਸਮਝਣਾ ਹੈ
ਅਰਥ ਨਾਲੋਂ ਸ਼ਬਦ ਦਾ ਮਹੱਤਵ ਵਧੇਰੇ ਹੈ
ਕਿਉਂਕਿ
ਸ਼ਬਦ ਬਿਨ ਅਰਥ ਸਮਝਿਆ ਹੀ ਨਹੀਂ ਜਾ ਸਕਦਾ
ਕਿਰਨਾਂ ਬਿਨ ਸੂਰਜ ਪਹਿਚਾਣਿਆ ਨਹੀਂ ਜਾ ਸਕਦਾ
- 0 -
ਕਵਿਤਾ ਲਹੂ ਮਾਸ ਦੀ ਪ੍ਰਕਿਰਿਆ ਹੈ
ਸ਼ਬਦ ਪਾਠਕ ਨੂੰ ਉਂਗਲੀ ਲਾ
ਅਰਥ ਤਕ ਲੈ ਜਾਂਦਾ ਹੈ
ਅਰਥ ਪਾਠਕ ਸਾਹਵੇਂ ਨੰਗਾ
ਪਰਤ ਦਰ ਪਰਤ ਆਪਾ ਖੋਲ੍ਹਦਾ ਹੈ
ਆਪਣਾ ਅਹਿਸਾਸ ਦ੍ਰਿਸ਼ਟੀ ਕੋਣ

ਪ੍ਰਯੋਜਨ ਜੀਵਨ
ਤੇ ਜੀਵਨ ਧਰਾਤਲ ਬਾਰੇ ਬੋਲਦਾ ਹੈ
ਜੀਵਨ ਤੇ ਜੀਵਨ ਬਾਰੇ
ਆਪਣਾ ਨਜ਼ਰੀਆ ਪੇਸ਼ ਕਰਦਾ ਹੈ
ਆਪਣੇ ਅੰਦਰ ਤੇ ਦੁਆਲੇ ਦੀ ਸਮੱਗਰੀ
ਪਾਠਕ ਦੀ ਤਲੀ ਤੇ ਧਰਦਾ ਹੈ
- 0 -
ਕਵਿਤਾ
ਦਿਲ ਵਾਂਗ ਧੜਕਦੀ ਹੈ
ਆਪਣੀਆਂ ਅੱਖਾਂ ਪਾਠਕ ਦੀਆਂ ਅੱਖਾਂ 'ਚ ਪਾ
ਆਪਣੇ ਸੁਫਨੇ ਸਹਿਕਾਰਦੀ ਹੈ
ਆਪਣੀਆਂ ਅੱਖਾਂ 'ਚ ਤਰਦੀ ਹੈ
ਆਪਣੀ ਹੋਂਦ ਫੜਦੀ ਹੈ
ਕਵਿਤਾ
ਆਪਣੇ ਵਿਚਾਰ ਤੇ ਅਹਿਸਾਸ 'ਚ
ਪਾਠਕਾਂ ਦੇ ਅਨੁਭਵ 'ਚ
ਜਿਉਂਦੀ ਜਾਗਦੀ ਤੁਰਦੀ ਫਿਰਦੀ ਹੈ
ਆਲੋਚਨਾਤਮਕ ਦ੍ਰਿਸ਼ਟੀ ਤੋਂ
ਪਾਠਕ ਸੰਗ
ਜੀਵਨ ਪ੍ਰਤੀ ਵਾਦ-ਵਿਵਾਦ ਰਚਦੀ ਹੈ
- 0 -
ਪਾਠਕਾਂ ਦੀ ਹੋਂਦ ਜਿਉਂਦੀ ਹੈ
ਆਪਣਾ ਪਿੰਡਾ ਤਰਦੀ ਹੈ
ਇਸ ਲਈ
ਕਵਿਤਾ ਸਿਰਫ ਸ਼ਬਦਾਂ ਅਰਥਾਂ ਦਾ ਸੰਗ੍ਰਹਿ ਨਹੀਂ
ਸਗੋਂ ਲਹੂ ਮਾਸ ਦੀ ਜਿਉਂਦੀ ਜਾਗਦੀ ਦਾਰਸ਼ਨਿਕ ਚੇਤਨਾ ਹੈ
ਕਵਿਤਾ ਪਾਠਕ ਨੂੰ ਵਾਦ-ਵਿਵਾਦ ਰਾਹੀਂ

ਆਪਣੇ ਅੰਤਰੀਵ ਵਿਚਾਰਾਂ ਦਾ ਸੰਤੁਲਨ
ਅਤੇ ਜੀਵਨ 'ਚ ਇਸ ਦਾ ਮਹੱਤਵ
ਦਲੀਲਾਂ ਦੇ ਅਧਾਰ ਤੇ ਸਮਝਾਉਂਦੀ ਹੈ
-.O -
ਸ਼ਬਦ ਸਿਰਫ਼ ਕਵਿਤਾ ਦਾ ਪਹਿਰਾਵਾ ਹਨ
ਅਸੱਲ ਕਵਿਤਾ ਇਸ ਪਹਿਰਾਵੇ ਹੇਠ ਛੁਪੀ ਹੈ
ਜਿਉਂ ਜਿਉਂ ਸ਼ਬਦੀ ਬਸਤਰ ਉਤਰਦੇ ਹਨ
ਕਵਿਤਾ ਦਾ ਸੱਚ ਸਾਹਮਣੇ ਆਉਂਦਾ ਹੈ
ਸੱਚ ਜੋ ਜੀਵਨ ਦੇ ਚਸ਼ਮੇ 'ਚੋਂ ਫੁੱਟਦਾ ਹੈ
ਸੱਚ ਜੋ ਹਾਦਸਿਆਂ ਦੇ ਜੰਗਲ 'ਚੋਂ ਗੁਜ਼ਰਦਾ ਹੈ
ਸੱਚ ਜੋ ਮੌਤ ਤੇ ਜੀਵਨ ਦੀ ਸੀਮਾ ਹੈ
ਸੱਚ ਜੋ ਮਨੁੱਖ 'ਚ ਕਾਲਾ ਤੇ ਚਿੱਟਾ ਹੋ
ਵਿਚਰਦਾ ਹੈ
ਸੱਚ ਜੋ ਮਨੁੱਖ ਦੇ ਅੰਦਰ ਵੱਸਿਆ ਹੈ
ਸੱਚ ਜੋ ਮੌਤ ਤੋਂ ਪਹਿਲਾਂ ਵੀ ਹੈ
ਮੌਤ ਤੋਂ ਪਿਛੋਂ ਵੀ ਹੈ
- O-
ਕਵਿਤਾ ਦਾ ਆਕਾਰ
ਸ਼ਬਦਾਂ ਅਰਥਾਂ 'ਚ ਸੀਮਤ ਨਹੀਂ
ਕਵਿਤਾ ਅਸੀਮ ਹੈ
ਸਰਬ ਵਿਆਪਕ ਹੈ
ਕੁੱਲ ਬਨਾਸਪਤੀ ਦਾ ਮੂਲ ਹੈ
ਕੁੱਲ ਬ੍ਰਹਿਮੰਡ ਦਾ ਤੱਤ ਹੈ
ਇਕ ਧੁਨ ਹੈ
ਜੋ ਮਨੁੱਖ ਤੋਂ ਸਿਰਜਣਾਤਮਕ ਤੱਕ ਗੂੰਜਦੀ ਹੈ
ਮਨੁੱਖ ਦੇ ਸਾਹਾਂ 'ਚ ਕਵਿਤਾ ਹੈ
ਦਿਲ ਦੀ ਧੜਕਣ 'ਚ ਕਵਿਤਾ ਹੈ
- O-

ਕਵਿਤਾ ਮਾਧਿਅਮ ਬਿਨਾਂ
ਮਨੁੱਖ ਆਪਣੇ ਆਪ ਨੂੰ
ਆਪਣੇ ਕਰਤੇ ਨੂੰ ਜਾਣ ਨਹੀਂ ਸਕਦਾ
ਅਕਾਸ਼ ਤੋਂ ਹਵਾ, ਹਵਾ ਤੋਂ ਅਗਣ
ਅਗਣ ਤੋਂ ਜਲ
ਜਲ ਤੋਂ ਧਰਤ ਦੇ ਸਫ਼ਰ 'ਚ ਕਵਿਤਾ ਹੈ
ਜਨਮ ਤੇ ਮਰਨ
ਦੇ ਅਰਥ 'ਚ ਕਵਿਤਾ ਹੈ
- 0 -
ਕਵਿਤਾ ਝੀਲਾਂ 'ਚ ਵਗਦੀ ਹੈ
ਸਮੁੰਦਰਾਂ 'ਤੇ ਤਰਦੀ ਹੈ
ਦਰਿਆਵਾਂ ਨੂੰ ਜਨਮਦੀ ਹੈ
ਪਹਾੜਾਂ ਨੂੰ
ਸਿਰਜਦੀ ਹੈ
ਹਨੇਰਿਆਂ 'ਚ ਸੂਰਜ ਵਾਂਗ ਜਗਦੀ ਹੈ
ਬਰਫ਼ ਦੇ ਸੀਨੇ 'ਚ ਮਘਦੀ ਹੈ
ਮੈਨੂੰ ਤਾਂ ਕਵਿਤਾ
ਕਦੀ ਖ਼ੁਦਾਈ ਕਦੀ ਖ਼ੁਦਾ ਲੱਗਦੀ ਹੈ

## ਗੁਰੂ

ਗੁਰ ਦਾ ਪ੍ਰਤੀਕ ਹੈ ਗੁਰੂ
ਗੁਰ
ਅਭੇਦੇ ਦਾ ਭੇਦ ਜਾਣਨ ਦਾ ਗੁਰ
ਅਭੇਦੇ ਦਾ ਭੇਦ ਜਾਣਨ ਵਾਲਾ ਗੁਰੂ
ਗੁਰੂ ਨਹੀਂ ਰਹਿੰਦਾ
ਅਭੇਦ ਹੋ ਜਾਂਦਾ ਹੈ
- o -
ਅਭੇਦਾ
ਜਿਸ ਨੇ ਅਕਾਸ਼ ਹਵਾ ਅੱਗ ਜਲ
ਧਰਤੀ ਬਨਾਸਪਤੀ ਜੀਵ ਜੰਤੂਆਂ
ਤੇ ਮਨੁੱਖ ਨੂੰ ਸਿਰਜਿਆ ਹੈ
ਉਸ ਦਾ ਭੇਦਾ
ਮਨੁੱਖੀ ਸਵੈ ਦੀ ਤ੍ਰਿਸ਼ਨਾ-ਪੂਰਤੀ
ਨੂੰ ਜਾਣਨ ਵਾਲਾ
ਗੁਰੂ ਅਖਵਾਉਂਦਾ ਹੈ
- o -
ਗੁਰੂ
ਸ਼ਬਦ ਵੀ ਹੈ
ਜੋ ਮਨੁੱਖ ਨੂੰ
ਮਨੁੱਖੀ ਜੀਵ ਜੰਤੂਆਂ ਤੇ ਸਮੂਹਕ ਬਨਾਸਪਤੀ
ਤੇ ਕਾਦਰ ਵਿਚਲੀ ਇਕਾਈ
ਸਮਝਾਉਂਦਾ ਹੈ ਵਿਖਾਉਂਦਾ ਹੈ
ਗੁਰੂ ਸ਼ਬਦ
ਹਿਰਦੇ 'ਚ ਗੂੰਜਦਾ ਹੈ
ਤੇ ਖੰਡਾਂ ਬ੍ਰਹਿਮੰਡਾਂ 'ਚ ਸੁਣਦਾ ਹੈ
ਗੁਰੂ ਸ਼ਬਦ
ਜੜ੍ਹਾਂ ਤਣਾ ਛਿੱਲੜ ਟਹਿਣੀਆਂ ਪੱਤਾ ਬੀਜ ਫੁੱਲ ਫਲ

ਇਕ ਰੁੱਖ ਦੀ ਹੋਂਦ ਤੋਂ ਜੰਗਲ ਤੱਕ ਵਿਚਰਦਾ ਹੈ
ਸ਼ਬਦ ਜੋਤ ਸਰੂਪ ਵੀ ਹੈ
ਜੋ ਸਵਾਸਾਂ ਸੰਗ ਮਨੁੱਖ ਦੇ ਮੱਥੇ 'ਚ ਜਗਦਾ ਹੈ
ਮਨੁੱਖ ਦੇ ਅੰਦਰ ਬਾਹਰ
ਚਾਨਣ ਪਸਾਰਦਾ ਹੈ
ਮਨੁੱਖ ਦੀ ਸੀਮਤਾ ਨੂੰ
ਦਿਸਹੱਦੇ ਤੋਂ ਪਾਰ ਲੈ ਜਾਂਦਾ ਹੈ
ਮਨੁੱਖ ਆਪਣੇ ਸਵੈ ਦੀ ਤ੍ਰਿਸ਼ਨਾ ਨੂੰ ਜਾਣ ਕੇ
ਸਰਬ ਵਿਆਪੀ
ਸਰਬ ਸ਼ਕਤੀਮਾਨ ਹੋ ਜਾਂਦਾ ਹੈ
- O -
ਗੁਰੂ
ਮਨੁੱਖ ਨੂੰ ਜੀਵਨ ਦਾ ਪ੍ਰਯੋਜਨ ਦਰਸਾਂਉਂਦਾ ਹੈ
ਮਨੁੱਖ ਨੂੰ
ਉਸ ਦੀ ਹੋਂਦ ਦਾ ਅਹਿਸਾਸ ਕਰਵਾਉਂਦਾ ਹੈ
ਹੋਂਦ ਦਾ ਸੱਚ ਵਿਖਾਉਂਦਾ ਹੈ
ਮਨੁੱਖ ਵਿਚਲਾ ਜੰਗਲੀਪਣ ਮਾਰ
ਮਨੁੱਖ ਨੂੰ ਮਨੁੱਖ ਹੋਣ ਦੀ ਦ੍ਰਿਸ਼ਟੀ ਬਖ਼ਸ਼ਦਾ ਹੈ
ਭਟਕਣ ਤੋਂ ਦੂਰ ਸਹਿਜ ਅਵੱਸਥਾ 'ਚ
ਮਨੁੱਖ ਆਪਣੇ ਹੀ ਚਿਹਰੇ 'ਚੋਂ
ਮਨੁੱਖਤਾ ਦਾ ਚਿਹਰਾ ਤੱਕਦਾ ਹੈ
ਆਪਣੀ ਰੱਬਤਾ 'ਚ
ਪ੍ਰਭੂ ਦੀ ਪ੍ਰਭੂਤਾ ਉਤਾਰਦਾ ਹੈ
ਗੁਰੂ ਪੌਣ ਵੀ ਹੈ
ਜੋ ਪ੍ਰਾਣ ਹੋ ਮਨੁੱਖੀ ਦੇਹ 'ਚ ਵਿਚਰਦੀ ਹੈ
ਤੇ ਮਨੁੱਖ ਨੂੰ ਜੀਵਨ ਅਰਪਣ ਕਰਨ ਵਾਲੇ
ਸਿਰਜਣਹਾਰ ਦਾ ਅਹਿਸਾਸ ਕਰਾਉਂਦੀ ਹੈ
- O -

ਗੁਰੂ
ਸ਼ਬਦ ਦਾ ਅਰਥ ਤੇ ਸੰਕਲਪ
ਜਨਮ ਤੋਂ ਪਹਿਲਾਂ ਵੀ ਸੀ
ਜਨਮ ਤੋਂ ਪਿੱਛੋਂ ਵੀ ਹੈ
ਭਾਸ਼ਾ ਉੱਤਪਤੀ ਤੋਂ ਪਹਿਲਾਂ ਵੀ ਸੀ
ਹੁਣ ਵੀ ਹੈ
ਇਸ ਅਰਥ ਦੇ ਸੰਕਲਪ ਨੂੰ
ਮਨੁੱਖ ਨੇ ਜਦ ਸ਼ਬਦ 'ਚ ਬਦਲਿਆ
ਇਸ ਸ਼ਬਦ ਨੂੰ ਅਰਾਧਿਆ
ਇਸ ਦੀ ਸ਼ਕਤੀ ਨੂੰ ਆਪਣੇ ਸਵੈ ਰਾਹੀਂ ਵੇਖਿਆ
ਆਪਣੇ ਸਵੈ ਦੀ ਤ੍ਰਿਸ਼ਨਾ 'ਚ
ਉਸ ਸਿਰਜਣਹਾਰ ਸੱਚ ਦਾ ਨੰਦ
ਅਕਾਰ ਰਹਿਤ ਸਵੈ ਜਨਮੇ ਸੱਚ ਦੇ
ਅਹਿਸਾਸ ਨੂੰ ਜੀਵਿਆ
ਆਪਣੇ ਸਵੈ ਨੂੰ
ਮਨੁੱਖ ਨੇ ਉਸ ਸੱਚ ਦੇ ਕਦਮਾਂ 'ਚ ਧਰ ਦਿੱਤਾ
ਆਪਾ ਮੇਟਿਆ
ਉਸ ਸੱਚ ਨੂੰ ਵਰ ਲੀਤਾ
- O -
ਗੁਰੂ
ਕਾਦਰ ਮਨੁੱਖ ਤੇ ਕੁਦਰਤ ਵਿਚਲੀ ਇਕਾਈ ਹੈ
ਆਤਮਾ ਦਾ ਸੱਚ ਹੈ
ਪਰਮ ਆਤਮਾ ਦੀ ਸੱਚਾਈ ਹੈ
ਮਨੁੱਖ ਲਈ ਆਤਮਾ
ਆਤਮਾ ਲਈ ਪਰਮਾਤਮਾ ਦਾ ਰਾਹ ਹੈ ਦੁਆਰ ਹੈ
ਗੁਰੂ ਬਿਨਾਂ ਘੋਰ ਅੰਧਾਰ ਹੈ
ਗੁਰੂ ਮਨੁੱਖ ਲਈ ਗਿਆਨ ਦਾ ਸ਼ਾਗਰ ਹੈ

ਚਾਨਣ ਮੁਨਾਰਾ ਹੈ
ਆਤਮਾ ਤੇ ਪਰਮਾਤਮਾ ਦੇ ਮੇਲ ਤੱਕ
ਗੁਰੂ ਜਲਵਾ-ਫਰੋਸ਼ ਹੈ
ਜੰਦ ਆਤਮਾ ਪਰਮਾਤਮਾ ਦੇ
ਰੂ-ਬ-ਰੂ ਹੋਈ
ਤਾਂ ਬੂੰਦ ਸਾਗਰ 'ਚ ਰਲ ਗਈ
ਬੂੰਦ ਤੇ ਸਾਗਰ ਦੇ ਮਿਲਣ ਤੋਂ ਬਾਅਦ
ਗੁਰੂ ਦਾ ਜਲਵਾ ਤਾਂ ਹੈ
ਪਰ ਜਲਿਵੇ 'ਚੋਂ ਗੁਰੂ ਅਲੋਪ ਹੈ

# ਵੀਰਯ ਦਾ ਕਤਰਾ

ਮੈਂ ਵੀਰਯ ਦਾ ਕਤਰਾ
ਨਰ ਵੀ ਹਾਂ ਨਾਰੀ ਵੀ ਹਾਂ
ਗਰਭ ਕਰਤਾ ਵੀ ਹਾਂ
ਗਰਭਤ ਵੀ ਹਾਂ
- O -
ਮੈਂ ਵੀਰਯ ਦਾ ਕਤਰਾ
ਮਾਂ ਦੀ ਗਰਭ 'ਚੋਂ ਬਾਹਰ ਵਾਪਰਦਾ
ਸੁਣ ਸਕਦਾ ਹਾਂ ਵੇਖ ਸਕਦਾ ਹਾਂ
ਰੁੱਖ ਦੀ ਛਾਂ ਮਾਣ ਸਕਦਾ ਹਾਂ
ਸੂਰਜ ਦੀ ਧੁੱਪ ਸੇਕ ਸਕਦਾ ਹਾਂ
ਉਦੋਂ
ਮੈਂ ਸ਼ੁੱਧ ਸਾਂ ਨਿਰਮਲ ਸਾਂ
ਆਦਿ ਤੋਂ ਅੰਤ ਤੱਕ ਦਾ ਵਿਸਥਾਰ ਸਾਂ
ਮੇਰੇ 'ਚ ਨੂਰ ਸੀ
ਮੈਂ ਵੀਰਯ ਦਾ ਕਤਰਾ ਨੂਰ ਦਾ ਸਮੁੰਦਰ ਸਾਂ
- O -
ਜਦੋਂ ਮੈਂ ਵੀਰਯ ਦੇ ਕਤਰੇ ਤੋਂ
ਲਹੂ ਮਾਸ 'ਚ ਢਲਿਆ
ਮਾਂ ਦੀ ਗਰਭ ਤੋਂ ਬਾਹਰ ਜਦ ਅੱਖ ਖੋਲ੍ਹੀ
ਮੇਰੇ 'ਚੋਂ
ਸੱਚ ਸੁੰਦਰਤਾ ਤੇ ਸ਼ੁੱਧਤਾ ਬੋਲੀ
ਹੁਣ ਤੂੰ ਸਾਡਾ ਘਰ ਨਹੀਂ
ਕੂੜ ਗੰਦਗੀ ਤੇ ਬਦਬੂ ਦਾ ਢੇਰ ਹੈਂ
ਕਾਮ ਕ੍ਰੋਧ ਮੋਹ ਹੰਕਾਰ ਦੀ ਭਰੀ ਚੰਗੇਰ ਹੈਂ
- O -
ਵੀਰਯ ਦੇ ਕਤਰੇ ਤੋਂ
ਲਹੂ ਮਾਸ 'ਚ ਢਲਦਿਆਂ ਹੀ

ਮੇਰੇ 'ਚੋਂ ਮੇਰਾ ਸੱਚ ਮਰ ਗਿਆ
ਬਹਾਰਾਂ ਮੌਸਮਾਂ
ਤੇ ਕੁਦਰਤ ਦੀ ਮੇਰੇ 'ਚੋਂ ਮਹਿਕ ਉੱਡ ਗਈ
ਮੇਰੇ 'ਚੋਂ ਮੇਰੀ ਚੁੱਪ ਨੁੱਚੜ ਗਈ
ਮੇਰੀ ਮੁਸਕਾਨ ਗੁੰਮ ਗਈ
- O -
ਮੇਰੀ ਖੁਸ਼ਬੂ ਮੇਰਾ ਸਾਥ ਛੱਡ ਗਈ
ਮੇਰੇ ਨੈਣਾਂ 'ਚ
ਪੱਤਝੜਾਂ ਉਦਾਸੀਆਂ ਤੇ ਭਟਕਣ
ਦਾ ਪਹਾੜ ਤਰ ਗਿਆ
ਮੇਰੇ ਲਹੂ ਮਾਸ ਦੇ ਜਿਸਮ 'ਚ
ਮੇਰਾ ਵੀਰਯ ਦਾ ਕਤਰਾ ਮਰ ਗਿਆ
- O -
ਮੈਂ ਵੀਰਯ ਦਾ ਕਤਰਾ
ਆਪਣੀ ਮਾਂ ਨੂੰ ਹਾਥੀ ਕੁੱਜੇ 'ਚ
ਪਾਉਣ ਲਈ ਕਹਿੰਦਾ ਹਾਂ
ਜੇ ਕੁੱਜੇ 'ਚ ਸਮੁੰਦਰ
ਤੇ ਬੀਜ 'ਚ ਰੁੱਖ ਸਮਾ ਸਕਦਾ ਹੈ
ਤਾਂ ਹਾਥੀ ਕੁੱਜੇ 'ਚ ਪਾਇਆ ਜਾ ਸਕਦਾ ਹੈ
ਮਾਂ ਚੁੱਪ ਸੀ
ਮਾਂ ਦੀ ਚੁੱਪ ਮੈਨੂੰ ਖਾ ਗਈ
ਮੇਰੇ ਕਤਰੇ 'ਚ ਲਹੂ ਮਾਸ ਦਾ ਪੁਤਲਾ ਉੱਗਾ ਗਈ
- O -
ਮੈਂ ਵੀਰਯ ਦਾ ਕਤਰਾ
ਆਪਣੇ ਪਿਤਾ ਦੀ ਉਂਗਲੀ ਫੜ ਤੁਰਨਾ ਸਿੱਖਿਆ
ਤੇ ਠਾਕੁਰ ਦੁਆਰੇ ਮੱਥਾ ਟੇਕਿਆ

ਬਾਬੇ ਨਾਨਕ ਦਾ ਲੰਗਰ ਛੱਕਿਆ
ਤੇ ਸਰਬੱਤ ਦਾ ਭਲਾ ਮੰਗਿਆ
ਉਦੋਂ ਸਰਬੱਤ ਦੇ ਭਲੇ ਤੇ ਭਾਣੇ ਦਾ ਗਿਆਨ ਸੀ
ਮੇਰੇ ਕਤਰੇ 'ਚ ਵਸਦਾ
ਕੋਈ ਰੱਬ ਜਿਹਾ ਇਨਸਾਨ ਸੀ

- O -

ਮੈਂ ਵੀਰਯ ਦਾ ਕਤਰਾ
ਆਪਣੀ ਮਾਂ ਦੀ ਸ਼ਾਦੀ ਤੇ ਹਾਜ਼ਰ ਸਾਂ
ਮਾਂ ਦੇ ਹੱਥਾਂ ਦੀ ਮਹਿੰਦੀ ਦਾ ਰੰਗ ਸਾਂ
ਮਾਂ ਦੀ ਵੀਣੀ ਦੀ ਵੰਗ ਸਾਂ
ਉਦੋਂ ਮੈਨੂੰ ਕਲਿਆਣ ਦੀ ਮੂਰਤੀ
ਸੱਚ ਤੇ ਸੁੰਦਰਤਾ ਦੀ ਬੜੀ ਲਗਨ ਸੀ
ਮੈਂ ਸੱਚ 'ਚ ਮਗਨ ਸੀ

- O -

ਮੈਂ ਵੀਰਯ ਦਾ ਕਤਰਾ
ਆਪਣੀ ਮਾਂ ਨਾਲ ਸੈਰਗਾਹ 'ਚ ਜਾਂਦਾ ਸਾਂ
ਫੁੱਲਾਂ ਦੀ ਖੁਸ਼ਬੂ ਤੇ ਰੰਗਤ 'ਚ ਵਹਿ ਜਾਂਦਾ ਸਾਂ
ਤਲਾਬ ਤੇ
ਨਹਾਉਂਦੀਆਂ ਅੱਲੜ ਜੁਆਨੀਆਂ ਵੇਖਦਾ
ਭਿੱਜੇ ਕਪੜਿਆਂ 'ਚੋਂ
ਉਨ੍ਹਾਂ ਦਾ ਅੰਗ ਅੰਗ ਨਿਹਾਰਦਾ
ਉਸ ਵੇਲੇ ਮੈਂ
ਵਿਸ਼ਵ ਦੀ ਹੋਂਦ ਸਾਂ
ਰੂਪ ਕਰਤਾਰ ਦਾ ਸਾਂ

- O -

ਮੈਂ ਵੀਰਯ ਦਾ ਕਤਰਾ
ਆਪਣੀ ਦਾਦੀ ਦੇ ਮੁਖੋਂ ਸੁਖਮਨੀ
ਤੇ ਰਹਿਰਾਸ ਸੁਣਦਾ

ਉਸ ਦੀ ਰਸਨਾ 'ਚੋਂ
ਉਸ ਦੀ ਖ਼ੁਸ਼ਬੂ ਲੈਂਦਾ
ਤੇ ਆਪਣੇ ਆਪ 'ਚ ਵਸਦੀ ਖ਼ੁਸ਼ਬੂ ਕੋਲ ਬੈਠਦਾ
ਕਦੀ ਮੈਂ ਆਪਣੇ ਆਪ ਨੂੰ ਸੱਚ
ਕਦੀ ਮੈਂ ਨੂਰ ਨੂੰ ਆਪਣਾ ਸੱਚ ਕਹਿੰਦਾ
- 0 -
ਮੈਂ ਵੀਰਯ ਦਾ ਕਤਰਾ
ਮਦਰੱਸੇ ਦੀਆਂ ਸੋਲ੍ਹਾਂ ਪਾਉੜੀਆਂ ਚੜ੍ਹਿਆ ਹਾਂ
ਚਾਨਣ ਦੀ ਭਾਲ 'ਚ
ਆਖਰੀ ਡੰਡੇ ਤੋਂ ਬਾਅਦ
ਜਦ ਸਿਖ਼ਰ ਤੇ ਪਹੁੰਚਾ ਦੁਆਲੇ ਝਾਕਿਆ
ਮੇਰਾ ਆਪਣਾ ਆਪਾ
ਹਨੇਰੇ ਨਾਲ ਭਰ ਗਿਆ
ਬੇਸ਼ਕ ਸਮੁੰਦਰ ਚਾਨਣ ਦਾ ਤਰਿਆ ਸੀ
ਮੈਂ ਸਹਿਰਾ ਦਾ ਸਹਿਰਾ ਰਹਿ ਗਿਆ
ਉਦੋਂ ਤ੍ਰਿਸ਼ਨਾ ਸੀ ਸੱਚ ਭਾਲਣ ਦੀ
ਆਪਾ ਉਬਾਲਣ ਦੀ
ਭਾਫ਼ ਹੋ ਕੇ ਬੱਦਲ ਬਣ ਕੇ ਵਰ੍ਹਨ ਦੀ
ਤੇ ਰੇਗਿਸਤਾਨ ਦੀ ਹਿੱਕ ਤੇ ਹਰਿਆਵਲ ਧਰਨ ਦੀ
ਸੱਚ ਜਿਉਣ ਦੀ
ਕੁੱਝ ਕਰਕੇ ਮਰਨ ਦੀ
- 0 -
ਮੇਰਾ ਬਚਪਨ ਬਚਪਨ 'ਚ ਰਹਿ ਗਿਆ
ਜੁਆਨੀ ਜੁਆਨੀ 'ਚ ਢਲ ਗਈ
ਬੁੱਢਾਪਾ ਮੇਰੀ ਉਮਰ ਦੇ ਪੱਲੇ ਪੈ ਗਿਆ
ਮੈਂ ਗੰਧ ਲੋਭ ਮੋਹ ਹੰਕਾਰ ਦਾ ਤੁਰਦਾ ਫਿਰਦਾ ਪਹਾੜ ਹਾਂ
ਮੈਂ ਲਹੂ ਮਾਸ ਦਾ ਪੁਤਲਾ
ਆਪਣੇ ਆਪ 'ਚ ਫੈਲੀ ਉਜਾੜ ਹਾਂ
- 0 -

ਸੱਚ ਹੈ
ਲਹੂ ਮਾਸ ਦੀ ਜੂਨ ਤੋਂ
ਮੈਂ ਵੀਰਯ ਦਾ ਕਤਰਾ ਹੀ ਚੰਗਾ ਸਾਂ
ਹੁਣ ਮੈਂ
ਸੱਚ 'ਚ ਕੂੜ ਜਿਉਂਦਾ ਹਾਂ
ਉਦੋਂ ਆਪਣੇ ਸੱਚ ਸਾਹਵੇਂ ਨੰਗਾ ਸਾਂ
ਦਰਪਣ ਤਾਂ ਉਹੀ ਹੈ
ਪਰ ਚਿਹਰਾ ਬਦਲ ਗਿਆ
ਮੇਰੇ ਵੀਰਯ ਦੇ ਕਤਰੇ ਦੀ ਉਮਰ ਦਾ
ਮੇਰੇ ਲਹੂ ਮਾਸ ਦੇ ਜਨਮ ਤੇ ਹੀ
ਸੂਰਜ ਢਲ ਗਿਆ
ਮੇਰੇ ਲਹੂ ਮਾਸ ਦੇ ਰੁੱਖਾਂ ਨੂੰ ਨਿਪੱਤਰੇ
ਤੇ ਜੰਗਲ ਨੂੰ ਯਤੀਮ ਕਰ ਗਿਆ
- o -
ਮੈਂ
ਉਸ ਵੀਰਯ ਦੇ ਕਤਰੇ ਦਾ ਬਾਪ ਹਾਂ
ਤੇ ਵੀਰਯ ਦਾ ਕਤਰਾ ਵੀ ਆਪ ਹਾਂ
ਵੀਰਯ ਦਾ ਵਰ ਵੀ ਆਪ ਹਾਂ .
ਵੀਰਯ ਦਾ ਖੁਦ ਹੀ ਸਰਾਪ ਹਾਂ
ਵੀਰਯ ਦਾ ਕਤਰਾ ਜੋ ਮਰ ਗਿਆ
ਮੇਰੀ ਤਲੀ ਤੇ ਜਿਉਂਦੀ ਮੌਤ ਧਰ ਗਿਆ
ਮੇਰਾ ਧੜ ਗੱਡ ਕੇ ਜ਼ਿੰਮੀਂ 'ਚ
ਸਿਰ ਨੂੰ ਕਬਰਾਂ ਦੀ ਰਾਖੀ ਬਿਠਾ ਗਿਆ
ਦੋ ਗਿੱਠ ਦਾ ਸ਼ਮਸ਼ਾਨ
ਧਰਤੀ ਨਿਗਲ ਗਿਆ
ਪੂਰਾ ਅਸਮਾਨ ਖਾ ਗਿਆ

## ਦੋ ਦਿਸ਼ਾਵਾਂ

ਦੋ ਦਿਸ਼ਾਵਾਂ 'ਚ ਵੰਡਿਆ ਗਿਆ ਹਾਂ ਮੈਂ
ਇੱਕ ਦਿਸ਼ਾ
ਤੇਰੇ ਵੱਲ ਜਾਂਦੀ ਹੈ
ਇੱਕ ਦਿਸ਼ਾ 'ਚ ਮੈਂ ਖੜਾ ਹਾਂ
- o -
ਜੇ
ਮੈਂ ਆਪਣੀ ਹੋਂਦ ਤੇ ਦਿਸ਼ਾ ਤਿਆਗ ਕੇ
ਤੇਰੀ ਦਿਸ਼ਾ ਵੱਲ ਪੈਰ ਪੁੱਟਦਾ ਹਾਂ
ਤੇਰੇ ਜਿਸਮ 'ਚ ਉਤਰਦਾ ਹਾਂ
ਤਾਂ ਆਪਣੇ
ਆਪ 'ਚੋਂ ਮਨਫ਼ੀ ਹੋ ਜਾਂਦਾ ਹਾਂ
ਤੇਰੇ ਵੱਲ ਜਿਸਮ ਤੁਰਦਾ ਹੈ
ਜਿਸਮ ਦਾ ਸੱਚ ਨਹੀਂ ਤੁਰਦਾ
ਸੱਚ ਤਿਆਗ
ਮੈਂ ਤੇਰੇ ਵੱਲ ਜਿਸਮ ਦਾ ਖੋਲ ਲੈ ਕੇ ਆਉਂਦਾ ਹਾਂ
ਤਾਂ ਆਪਣੇ ਆਪ ਨੂੰ ਦੋਸ਼ੀ ਪਾਉਂਦਾ ਹਾਂ
ਇੱਕ ਕਦਮ ਪੁੱਟਦਾ ਹਾਂ ਰੁਕਦਾ ਹਾਂ
ਫਿਰ ਆਪਣੇ ਵੱਲ ਮੁੜਦਾ ਹਾਂ
- o -
ਹੁਣ ਖੋਲ 'ਚੋਂ ਸੱਚ ਮਨਫ਼ੀ ਹੈ
ਸੱਚ 'ਚੋਂ ਖ਼ੋਲ ਮਨਫ਼ੀ ਹੈ
ਸੱਚ ਤੇ ਖੋਲ
ਇੱਕ ਦੂਜੇ ਦੇ ਸਾਹਵੇਂ ਹਨ
ਖੋਲ ਸੱਚ ਦੀ ਪਹਿਚਾਣ ਹੈ
ਸੱਚ ਬਿਨਾਂ
ਖੋਲ ਮਿੱਟੀ ਹੈ ਬੇਜਾਨ ਹੈ
- o -
ਇਸ ਕਿਨਾਰੇ ਤੇ ਮੇਰਾ ਸੱਚ ਹੈ

ਉਸ ਕਿਨਾਰੇ ਤੇ ਤੇਰਾ ਸੱਚ ਹੈ
ਤੇਰੇ ਤੇ ਮੇਰੇ ਵਿਚਾਲੇ
ਦੁਨੀਆਂ ਦਾ ਭਵਸਾਗਰ ਹੈ
ਮੈਂ ਸਾਗਰ ਤਰ ਕੇ ਆਵਾਂ ਤਾਂ
ਮੈਲਾ ਹੋ ਜਾਵਾਂਗਾ
ਮੈਂ ਮੈਲਾ ਸੱਚ
ਤੇਰੇ ਸੁੱਚੇ ਸੱਚ 'ਚ ਧਰਨਾ ਨਹੀਂ ਚਾਹੁੰਦਾ
ਮੈਂ ਤੇਰਾ ਆਪਾ ਗੰਧਲਾ ਕਰਨਾ ਨਹੀਂ ਚਾਹੁੰਦਾ

- 0 -

ਦੁਨੀਆਂ ਦਾ ਭਵਸਾਗਰ ਤਰਨ ਪਿਛੋਂ
ਮੇਰੇ 'ਚ ਕ੍ਰੋਧ ਲੋਭ ਮੋਹ ਹੰਕਾਰ ਪ੍ਰਗਟ ਹੋਵੇਗਾ
ਤਮਾਂ ਗਰਜ ਦੇ ਵੇਲ੍ਹਣੇ 'ਚ
ਮੇਰਾ ਸੱਚ ਪੀੜਿਆ ਜਾਵੇਗਾ
ਮੇਰੇ ਸੱਚ ਦਾ ਫੋਕ ਤੇਰੇ ਤੇ ਮੇਰੇ
ਦੁਆਲੇ ਖਿੱਲਰ ਜਾਵੇਗਾ

- 0 -

ਸੱਚਹੀਣ ਫੋਕ
ਮੈਂ ਕਿੰਜ ਤੇਰੀ ਦੇਹ ਦੇ ਦਰਵਾਜ਼ੇ ਤੇ ਧਰਾਂਗਾ
ਮਨਫ਼ੀ ਸੱਚ ਤੇ ਕੂੜ ਦੇਹ ਨਾਲ
ਮੈਂ ਕਿੰਜ ਤੇਰੀ ਪ੍ਰਕਰਮਾ ਕਰਾਂਗਾ
ਭਾਫ਼ ਤੋਂ ਬਿਨਾਂ ਮੈਂ ਕਿੰਜ ਬੱਦਲ ਬਣਕੇ
ਤੇਰੀ ਦੇਹ ਤੇਂ ਵਰ੍ਹਾਂਗਾ
ਦੁਨੀਆਂ ਦੇ ਲੋਭ ਮੋਹ ਹੰਕਾਰ ਦਾ
ਜੇ ਸਾਗਰ ਤਰਾਂਗਾ
ਮੈਂ ਕਿੰਜ ਸੱਚ ਨੂੰ ਨਿਰਲੇਪ ਰੱਖਾਂਗਾ
ਕਿਵੇਂ ਤੇਰੇ ਨੈਣਾਂ ਦੇ ਦਰਪਣ 'ਚ
ਆਪਣੇ ਆਪ ਨੂੰ ਸੱਚਾ ਤੇ ਸੁੱਚਾ ਲੱਗਾਂਗਾ

- 0 -

ਸਾਗਰ ਤਰਨ ਤੋਂ ਪਹਿਲਾਂ
ਸੂਰਜ ਦੀਆਂ ਕਿਰਨਾਂ ਨੂੰ ਵੇਖ
ਜੋ ਗੰਦਗੀ ਤੇ ਪੈਂਦੀਆਂ ਵੀ ਮੈਲੀਆਂ ਨਹੀਂ ਹੁੰਦੀਆਂ
ਚੰਨਾਂ ਤਾਰਿਆਂ ਦੀ ਰੌਸ਼ਨੀ
ਕਾਲੀਆਂ ਰਾਤਾਂ 'ਚੋਂ ਗੁਜ਼ਰਦੀ ਵੀ
ਕਾਲੀ ਨਹੀਂ ਹੁੰਦੀ
ਹਵਾ ਜ਼ਿੰਦਗੀ ਤੋਂ ਕਬਰਾਂ ਤੱਕ ਵਗਦੀ ਹੈ
ਕਬਰਾਂ 'ਚੋਂ ਗੁਜ਼ਰਦੀ ਹਵਾ ਗਤੀਹੀਣ ਨਹੀਂ ਹੁੰਦੀ
ਜਲ ਪੱਥਰਾਂ ਤੇ ਮੈਦਾਨਾਂ 'ਚ ਵਗਦਾ ਹੈ
ਗਤੀਸ਼ੀਲ ਰਹਿੰਦਾ ਹੈ ਪੱਥਰ ਨਹੀਂ ਹੁੰਦਾ
ਅਗਣ ਅੱਗ ਦੇ ਤੇਜ਼ ਦਾ ਸਫਰ ਕਰਦੀ ਹੈ
ਆਪ ਬਲਦੀ ਹੈ ਰਾਖ਼ ਨਹੀ ਹੁੰਦੀ
ਅਕਾਸ਼ ਗਤੀਸ਼ੀਲ ਹੈ
ਆਪਣੀ ਸਥਿਰਤਾ ਨਹੀਂ ਛੱਡਦਾ
ਧਰਤੀ ਸੁਗੰਧਹੀਣ ਨਹੀਂ ਹੁੰਦੀ
ਉਤਪਤੀ ਰਹਿਤ ਨਹੀਂ ਹੁੰਦੀ
- O -
ਤੇਰਾ ਸੱਚ ਤੇਰੇ ਜਿਸਮ ਦਾ ਹੀ ਸੱਚ ਨਹੀਂ
ਸੱਚ ਦਾ ਸੱਚ ਹੈ
ਸੱਚ ਦਾ ਸੱਚ ਪੱਥਰ 'ਚ ਵੀ ਵਸਦਾ ਸੱਚ ਰਹਿੰਦਾ ਹੈ
ਕੱਚ 'ਚ ਵੀ ਵਸਦਾ ਸੱਚ ਰਹਿੰਦਾ ਹੈ
ਕਿਉਂਕਿ ਪੱਥਰ ਤੇ ਕੱਚ ਦੀ ਦੇਹ ਤੋਂ
ਉਹ ਸੱਚ ਉਚੇਰਾ ਹੈ
ਉਹ ਸੱਚ ਹੀ ਤੇਰਾ ਤੇ ਮੇਰਾ ਹੈ
ਤੂੰ ਉਸ ਕਿਨਾਰੇ ਹੈਂ ਮੈਂ ਇਸ ਕਿਨਾਰੇ ਹਾਂ
ਤੇਰੇ ਤੇ ਮੇਰੇ ਵਿਚਾਲੇ
ਜਿਸਮਾਂ ਦਾ ਸਾਗਰ ਹੈ
- O -

ਮੈਂ ਆਪਣੇ ਜਿਸਮ 'ਚੋਂ
ਜਲ ਦਾ ਜਲ ਹਵਾ ਦੀ ਹਵਾ ਅਗਣ ਦੀ ਅਗਣ
ਧਰਤੀ ਦੀ ਧਰਤੀ ਅਕਾਸ਼ ਦਾ ਅਕਾਸ਼ ਉਤਾਰਿਆ ਹੈ
ਬਾਕੀ ਜੋ ਸੱਚ ਬਚਦਾ ਹੈ
ਉਹ ਸੱਚ ਹੀ ਤੇਰੇ ਸੱਚ ਤੱਕ ਦੀ ਉਡਾਰੀ ਹੈ
ਜੋ ਕਾਮ ਕ੍ਰੋਧ ਲੋਭ ਮੋਹ ਹੰਕਾਰ ਤੇ ਤਮ੍ਹਾਂ ਤੋਂ
ਨਿਰਲੇਪ ਹੈ
ਜਿਸਮ ਦੀ ਬੰਦਸ਼ ਤੋਂ ਅਜ਼ਾਦ ਹੈ
ਜੋ ਧਰਤ ਦੀ ਸੁਗੰਧ ਹੈ ਅੰਬਰ ਦਾ ਸ਼ਬਦ ਹੈ
ਹਵਾ ਦਾ ਵੇਗ ਹੈ ਜਲ ਦਾ ਰੱਸ ਹੈ
ਅਗਣ ਦਾ ਤੇਜ਼ ਹੈ
- 0 -
ਹੁਣ ਮੈਂ
ਉਹ ਸੱਚ ਹਾਂ ਜਿਸ ਦਾ ਕੋਈ ਵਜ਼ੂਦ ਨਹੀਂ
ਜਿਸ ਦੀ ਕੋਈ ਹੱਦ ਨਹੀਂ ਕੋਈ ਹਦੂਦ ਨਹੀਂ
ਜਿਸ ਦੀ ਰਾਹ 'ਚ ਕੋਈ ਸਾਗਰ ਨਹੀਂ
ਤੇਰਾ ਤੇ ਮੇਰਾ ਕਿਨਾਰਾ ਨਹੀਂ
ਕੋਈ ਆਸ ਨਹੀਂ ਕੋਈ ਸਹਾਰਾ ਨਹੀਂ
ਇਸ ਸੱਚ ਦੀ ਗੋਦ 'ਚ ਹਨ
ਪ੍ਰਕਿਰਤੀਆਂ ਅਕਾਸ਼ ਬ੍ਰਹਿਮੰਡ ਤਾਰਕਾ ਮੰਡਲ
ਧਰਤੀਆਂ ਮਨੁੱਖ ਤੇ ਮਨੁੱਖਤਾ
ਇਹ ਸੱਚ ਕਿਨਾਰਿਆ ਰਹਿਤ ਹੈ
ਦੇਹ ਦਾ ਵਸਤਰ ਜਦੋਂ
ਇਸ ਸੱਚ ਤੋਂ ਉਤਾਰਿਆ
ਦੂਜੇ ਕਿਨਾਰੇ ਖੜੇ ਤੇਰੇ ਸੱਚ ਨੂੰ ਪਾਲਿਆ
ਦੂਸਰਾ ਕੋਈ ਕਿਨਾਰਾ ਨਹੀਂ
ਇਹ ਸੱਚ ਹੈ ਆਪਣਾ ਉਧਾਰਾ ਨਹੀਂ
ਆਦਿ ਤੋਂ ਪਹਿਲਾਂ ਅੰਤ ਤੋਂ ਪਿਛੋਂ

ਇਸ ਸੱਚ ਦਾ ਵਿਸਥਾਰ ਹੈ
ਇਹ ਸੱਚ ਤੇਰੀ ਤੇ ਮੇਰੀ ਦੇਹ ਦੇ ਆਰ ਪਾਰ ਹੈ
- o -
ਇਹ ਸੱਚ ਅਪਰਮਪਾਰ ਹੈ
ਜੀਵਨ ਦਾ ਅਧਾਰ ਹੈ
ਇਹ ਸੱਚ ਹੀ ਤੇਰੇ ਤੇ ਮੇਰੇ ਵਿਚਕਾਰ ਹੈ
ਜਿਸਮ ਦੇ ਪਰਦੇ
ਤੋਂ ਬਾਹਰ ਝਾਕੇਂਗੀ ਤਾਂ ਜਾਣੇਂਗੀ
ਮੈਂ ਜਿਵੇਂ ਤੇਰਾ ਸੱਚ ਪਹਿਚਾਣਿਆ ਹੈ
ਤੂੰ ਵੀ ਮੇਰਾ ਸੱਚ ਸਿਆਣੇਗੀ
ਹੁਣ ਮੈਨੂੰ ਮੇਰੀ ਦਿਸ਼ਾ ਤੋਂ
ਤੇਰੀ ਦਿਸ਼ਾ ਵੱਲ ਤੁਰਨ ਦੀ ਲੋੜ ਨਹੀਂ
ਹੁਣ ਸਫ਼ਰ ਨਹੀਂ ਮਿਲਣ ਹੈ
ਮਿਲਣ ਦਾ ਹੁਲਾਸ ਹੈ
ਸੁਰ ਹੈ ਸੰਗਮ ਹੈ ਜਿਸਮਾਂ ਦਾ ਸ਼ੋਰ ਨਹੀਂ
ਤੇਰਾ ਸੱਚ ਵੀ ਮੇਰਾ ਹੀ ਸੱਚ ਹੈ
ਮੇਰਾ ਸੱਚ ਵੀ ਤੇਰਾ ਹੀ ਸੱਚ ਹੈ
ਕੁਝ ਹੋਰ ਨਹੀਂ

# ਮੈਲਾ ਵਰਤਮਾਨ

ਵਰਤਮਾਨ ਸੂਲੀ ਤੇ ਟੰਗਿਆ ਹੈ
ਭੂਤ ਪੱਥਰ ਬਣਕੇ
ਵਰਤਮਾਨ ਦੇ ਮੱਥੇ 'ਚ ਰੜਕਦਾ ਹੈ
ਭਵਿੱਖ ਮੋਨਧਾਰੀ
ਆਪਣੇ ਦੁਆਲੇ ਚੁੱਪ ਤਾਣ ਕੇ ਸੌਂ ਗਿਆ ਹੈ
- o -
ਪਿੱਛੇ ਹਨੇਰੀ ਹੈ ਜੜ੍ਹ ਤੋਂ ਉਖਾੜ ਦੇਣ ਵਾਲੀ
ਅਗੇਰੇ ਜੰਗਲ ਦਾ ਕਵਚ ਹੈ
ਜੇ ਪਹਿਣ ਲਵਾਂ ਤਾਂ
ਸੂਲੀ ਤੇ ਟੰਗੇ ਵਰਤਮਾਨ 'ਚੋਂ
ਭੂਤ ਨੁੱਚੜ ਸਕਦਾ ਹੈ
ਭਵਿੱਖ ਜਾਗ ਸਕਦਾ ਹੈ
ਆਪਣੀ ਚੁੱਪ ਤੋੜ ਸਕਦਾ ਹੈ
- o -
ਮੈਂ ਰੁੱਖ
ਜਿਸ ਦੀਆਂ ਜੜ੍ਹਾਂ ਧਰਤੀ 'ਚ ਗਡੀਆਂ ਹਨ
ਤੁਰ ਨਹੀਂ ਸਕਦਾ
ਉੱਡ ਨਹੀਂ ਸਕਦਾ ਤਰ ਨਹੀਂ ਸਕਦਾ
ਪਿੱਛੇ ਆ ਰਹੀ ਹਨੇਰੀ ਰੋਕ ਨਹੀਂ ਸਕਦਾਂ
ਮੋਨਧਾਰੇ ਭਵਿੱਖ ਨੂੰ ਜਗਾ ਨਹੀਂ ਸਕਦਾ
- o -
ਮੇਰੀ ਕੰਡ ਤੇ ਚਿਹਰਿਆਂ ਦਾ ਹਜ਼ੂਮ
ਚੁੱਪ ਤੇ ਉਦਾਸ ਹੈ
ਮੇਰੇ ਅੱਗੇ ਚਿਹਰਿਆਂ ਦਾ
ਤਿੜਕਿਆ ਦਰਪਣ ਹੈ
ਮੇਰਾ ਵਿਚਕਾਰਲਾ ਹਿੱਸਾ
ਜਿਸਮ ਦੀ ਸਿੱਧ ਪੁੱਠ ਨੂੰ ਸਮੱਰਪਤ ਹੈ

ਸਿੱਧ ਦੇ ਦਰਪਣ 'ਚ ਤੱਕਦਾ ਹਾਂ
ਤਾਂ ਚਿਹਰਾ ਤਿੜਕ ਜਾਂਦਾ ਹੈ
ਪੁੱਠ 'ਚ ਉਤਰਦਾ ਹਾਂ
ਤਾਂ ਵਿਚਕਾਰਲਾ ਹਿੱਸਾ ਵਿੱਸਰ ਜਾਂਦਾ ਹੈ
ਨਾ ਪਿੱਠ ਤੇ ਲਿਖਿਆ ਪੜ੍ਹਿਆ ਜਾਂਦਾ ਹੈ
ਨਾ ਮੂੰਹ ਤੇ ਉਸਰਿਆ ਨਜ਼ਰ ਆਉਂਦਾ ਹੈ
- o -
ਮੱਧ ਨੂੰ ਜਿਸਮ ਦਾ
ਆਦਿ ਤੇ ਅੰਤ ਤਿਆਗਣਾ ਪਵੇਗਾ
ਆਦਿ ਦੀ ਨੀਂਦਰ ਤੇ ਸੁਫਨਿਆ 'ਚੋਂ
ਨਿਕਲਣਾ ਪਵੇਗਾ ਜਾਗਣਾ ਪਵੇਗਾ
ਮੱਧ ਨੂੰ ਆਪਣਾ
ਪੁਰਾਣਾ ਆਦਿ ਤੇ ਅੰਤ ਆਪਣੇ 'ਚੋਂ
ਨਿਚੋੜਨਾ ਪਵੇਗਾ
ਮੱਧ ਨੂੰ ਆਪਣੇ ਮੱਧ 'ਚ ਢਲਣਾ ਪਵੇਗਾ
ਆਪਣੇ ਆਪ 'ਚ ਆਪਾ ਉਤਾਰਨਾ ਪਵੇਗਾ
- o -
ਮੈਂ ਮੱਧ ਵਰਤਮਾਨ ਸਮੇਂ ਦਾ ਚਿਹਰਾ ਹਾਂ
ਮੇਰਾ ਅੱਗਾ ਭਵਿੱਖ ਹੈ ਮੇਰਾ ਪਿੱਛਾ ਭੂਤ ਹੈ
ਭਵਿੱਖ ਤੇ ਭੂਤ 'ਚ ਮੇਰਾ ਵਜੂਦ ਹੈ
ਆਪਣੇ ਬਿੰਦੂ ਦੀ ਕੈਦ 'ਚੋਂ ਨਿਕਲਕੇ
ਦਾਇਰੇ ਉਸਾਰ ਲਾਂ
ਆਪਣੇ ਪਿੱਠ ਤੇ ਉੱਗੇ ਭੂਤ ਦੇ ਨਕਸ਼ ਸਮੇਟ ਲਾਂ
ਵਰਤਮਾਨ 'ਚੋਂ
ਉੱਗੇ ਭਵਿੱਖ ਦਾ ਚਿਹਰਾ ਸੁਆਰ ਲਾਂ
- o -
ਵਰਤਮਾਨ 'ਚ ਬੀਜਿਆ ਚੀਕ ਚਿਹਾੜਾ

ਸ਼ੋਰ ਨਿਰਾਸ਼ਾ ਚੁੱਪ ਇਕੱਲਤਾ ਤੇ ਉਦਾਸੀ
ਭੂਤ ਦੇ ਚਿਹਰੇ ਤੇ ਖੰਡਰਾਂ ਦਾ ਜੰਗਲ ਬਣਕੇ ਉੱਗ ਆਇਆ ਹੈ
ਬੁੱਧ ਤੋਂ ਦੇਹ ਤੱਕ ਫੈਲ ਗਿਆ ਹੈ
ਮਸਤਕ 'ਚ ਰੁੱਖਾਂ ਦੇ ਜੰਗਲ ਤੋਂ ਪ੍ਰਕਿਰਤੀ 'ਚ ਸਮਾਇਆ ਹੈ
- o -
ਭੂਤ ਦਾ ਹਨੇਰਾ
ਝੱਖੜ ਖੰਡਰਾਂ ਦੀ ਚੁੱਪ ਗੁੰਮਸ਼ੁਦਾ
ਜ਼ਿੰਦਗੀ ਦਾ ਬੇਮਾਇਨਾ ਅਹਿਸਾਸ ਬਣ
ਦੁਆਲੇ ਉਸਰ ਆਇਆ ਹੈ
ਨਜ਼ਰ ਦੀ ਸੀਮਾ 'ਚੋਂ ਮੰਜ਼ਿਲਾਂ ਗੁਆਚ ਗਈਆਂ ਹਨ
ਰਾਹ ਧਰਤ ਤਿਆਗ
ਅੰਬਰ ਦੇ ਵਾਸੀ ਹੋ ਗਏ ਹਨ
ਜ਼ਿੰਦਗੀ ਸੱਜਰੀ ਹੈ ਪਰ ਸਾਹ ਬਾਸੀ ਹੋ ਗਏ
- o -
ਮੈਂ ਭੂਤ ਨੂੰ ਆਪਣੇ ਵਰਤਮਾਨ 'ਚੋਂ ਕਿੰਜ ਨਿਚੋੜਾਂ
ਭਵਿੱਖ 'ਚ ਆਪਣਾ ਵਰਤਮਾਨ ਕਿੰਜ ਜਮਾਂ ਕਰਾਂ
ਮੈਂ ਕਿਸ ਸੂਰਜ ਦੀ ਲੋਅ ਹੇਠ ਆਪਣਾ ਅੰਦਰ ਧਰਾਂ
ਬੁੱਧ 'ਚ ਫੈਲਿਆ ਹਨੇਰਾ ਕਿੰਜ ਤਰਾਂ
ਮੈਂ ਕਿਸ ਚਾਨਣ ਦਾ ਲੜ ਫੜਾਂ
ਮੈਂ ਆਪਣੇ ਆਪ ਤੇ ਕਿਸਮਤ ਜਾਂ ਹਲਾਤ ਤੇ
ਆਪਣੀ ਅਰਥ ਵਿਹੂਣੀ ਜ਼ਿੰਦਗੀ ਦਾ ਇਲਜ਼ਾਮ ਧਰਾਂ
ਮੈਂ ਆਪਣੇ ਰੁੱਖ 'ਚੋਂ ਫਿਰ ਉੱਗਾਂ
ਜਾਂ ਬੀਜ 'ਚ ਸਿਮਟ ਜਾਂਵਾਂ
- o -
ਆਪਣੇ ਵਰਤਮਾਨ ਭੂਤ ਤੇ ਭਵਿੱਖ ਨੂੰ
ਆਪਣੇ ਸਾਹਾਂ 'ਚ ਬੀਜ ਲੈ
ਆਪਣੀ ਦੇਹ ਦੀ ਧਰਤੀ ਬੋਧ ਨਾਲ ਪਸੀਜ ਲੈ

ਸਮੇਂ ਦਾ ਰਥਵਾਨ ਬਣ ਸਮੇਂ ਦੀ ਗਤੀ ਪਹਿਚਾਣ
ਸਾਹਾਂ ਦੇ ਬੁੱਲੇ ਸੰਭਾਲ
ਜੀਵਨ ਦੀ ਹੋਂਦ ਨੂੰ
ਆਪਣੇ ਵਜੂਦ 'ਚ ਉਤਾਰ
ਰੌਣਕਾਂ ਬਹਾਰਾਂ ਮੌਸਮਾਂ 'ਚ ਬਦਲ ਜਾਏਗਾ
ਤੇਰਾ ਸੰਸਾਰ

- 0 -

ਚਿੰਤਾ ਮੁਕਤ ਹੋ
ਹੁਣ ਨੂੰ ਜੀਅ ਹੁਣ ਦਾ ਪਲ ਪਲ ਸੰਭਾਲ
ਆਪਣੇ ਵਰਤਮਾਨ ਦੀ ਮਿੱਟੀ ਸਮਝ
ਵਰਤਮਾਨ ਦੇ ਬੀਜ 'ਚੋਂ ਨਵਾਂ ਭਵਿੱਖ ਉੱਗਾ
ਨਵੇਂ ਭੂਤ ਦੇ ਨਕਸ਼ ਘੜ
ਭੂਤ ਭਵਿੱਖ 'ਚ ਸੱਚ ਤੇ ਸੁੰਦਰਤਾ ਉਤਾਰ
ਆਪਣੇ ਵਰਤਮਾਨ ਨੂੰ ਮਾਂਜ ਧੋ ਤੇ ਸੁਆਰ
ਜੋ ਭਵਿੱਖ ਤੇ ਭੂਤ ਦੀ ਕੁੱਖ ਹੈ
ਜਿਸ 'ਚ ਤੇਰੀ ਸ਼ਾਂਤੀ ਤੇ ਸਮੇਂ ਦਾ ਸੁੱਖ ਹੈ

- 0 -

ਆਪਣੇ ਆਦਿ ਅੰਤ ਤੋਂ ਮੁਕਤ ਹੋ
ਸਮੇਂ ਦੀ ਨਿਰੰਤਰਤਾ ਵਾਂਗ ਜ਼ਿੰਦਗੀ 'ਚ ਫੈਲ
ਅੰਦਰਲੀ ਪ੍ਰਕਿਰਤੀ ਤੇ ਹਰਿਆਵਲ
ਦੁਆਲੇ ਖਿਲਾਰ
ਅੰਦਰਲਾ ਜੰਗਲ ਬਾਹਰ ਉੱਗਾ
ਉੱਤਰ ਜਾਂ ਸੂਰਜ ਦੀ ਜੂਮਾਂ 'ਚ
ਸੂਰਜ ਦਾ ਸੂਰਜ ਬਣ ਕੇ ਵਿਚਰ
ਭੂਤ ਤੇ ਭਵਿੱਖ ਮਨੁੱਖ ਦਾ ਆਦਿ ਹੈ ਅੰਤ ਹੈ
ਵਰਤਮਾਨ 'ਚ ਉਤਰ ਜਾ
ਆਦਿ ਤੋਂ ਪਹਿਲਾਂ ਅੰਤ ਤੋਂ ਪਿੱਛੋਂ
ਤੂੰ ਵਰਤਮਾਨ ਹੀ ਵਰਤਮਾਨ ਨਜ਼ਰ ਆ

# ਬੁੱਤ ਤੇ ਉਦਾਸੀ

## ਪ੍ਰਭਾਵ ਪਹਿਲਾ :

ਮਿੱਟੀ ਦੇ ਬੁੱਤ ਉਦਾਸ ਨਾ ਹੋ
ਤੇਰੀ ਮਾਯੂਸੀ ਚੋਂ ਉਮੀਦ ਜਨਮੇਗੀ
ਹਿੰਮਤ ਦਾ ਅਗਾਜ਼ ਹੋਵੇਗਾ
ਚੜ੍ਹਦੇ ਸੂਰਜ ਦਾ
ਤੇਰੇ ਦਿਲ ਨੂੰ ਅਹਿਸਾਸ ਹੋਵੇਗਾ
- O -
ਮਨੁੱਖ ਵਿਚਲੀ ਚੇਤਨਾ ਉਦਾਸ ਹੈ
ਮਨੁੱਖ ਨੂੰ ਪ੍ਰਾਣ ਨਿੱਘ ਲਹੂ ਆਇਆ ਨਾ ਰਾਸ ਹੈ
ਇਸ ਲਈ ਆਪਣੇ 'ਚੋਂ ਨੁੱਚੜ ਗਿਆ ਹੈ
ਆਪਣੇ ਆਪ 'ਚ ਸੁੰਘੜ ਗਿਆ ਹੈ
ਆਪਣੀ ਛੱਤੋਂ ਚੋਅ ਪਿਆ ਹੈ
ਆਪਣੇ ਹੀ ਗੱਲ ਲਗ ਰੋ ਪਿਆ ਹੈ
- O -
ਚੇਤਨਾ ਦੇ ਪ੍ਰਵਾਜ਼ 'ਚ ਉਦਾਸੀ ਰਲ ਗਈ ਹੈ
ਜ਼ਿੰਦਗੀ 'ਚ ਮੌਤ ਛਾ ਗਈ ਹੈ
ਮਨੁੱਖ ਤੇ ਮਨੁੱਖਤਾ ਦੇ ਲਹੂ 'ਚ ਹਨੇਰਾ ਪੱਸਰ ਗਿਆ ਹੈ
ਮੋਰ ਦਾ ਨਾਚ ਮੋਰ ਦੇ ਪੈਰਾਂ 'ਚ ਮਰ ਗਿਆ ਹੈ
ਪੌਣ ਨਿਰਤ ਕਰਨਾ ਭੁੱਲ ਗਈ ਹੈ
ਰੁੱਤਾਂ ਦੇ ਪੈਰੀਂ ਝਾਜਰਾਂ ਦਾ ਸ਼ੋਰ ਗੁੰਮ ਗਿਆ ਹੈ
ਸਮੇਂ ਦਾ ਰਾਗ ਸਮੇਂ ਦੇ ਕੰਠ 'ਚ ਹੀ ਰਹਿ ਗਿਆ ਹੈ
- O -
ਉਦਾਸ ਚੇਤਨਾ 'ਚ
ਕੌਣ ਮਨੁੱਖ ਦੇ ਅੰਦਰ ਸੂਰਜ ਧਰੇਗਾ
ਕਿੰਜ ਕੋਈ ਸਹਿਰਾ ਅਸਮਾਨੀ ਉੱਡਦੇ
ਬੱਦਲ ਫੜੇਗਾ
ਚੇਤਨਾ ਦੇ ਅਕਾਸ਼ 'ਚ
ਚੰਨਾਂ ਸੂਰਜਾਂ ਤਾਰਿਆਂ 'ਚ ਉਦਾਸੀ ਰਚ ਗਈ ਹੈ

ਧਰਤੀ ਦੀ ਕੁੱਖ ਉੱਜੜ ਗਈ ਹੈ
ਪੱਤੇ ਪੱਤੇ ਤੇ ਪੱਤਝੜ ਛਾ ਗਈ ਹੈ
ਰੁੱਖਾਂ ਦੀ ਹਰਿਆਵਲ ਹੀ ਰੁੱਖਾਂ ਨੂੰ ਖਾ ਗਈ ਹੈ
ਚੇਤਨਾ ਦਾ ਅੰਗ ਅੰਗ ਭੁਰ ਗਿਆ ਹੈ
ਚੇਤਨਾ ਦੇ ਚਿਹਰੇ ਤੇ ਉਦਾਸੀ ਉੱਗ ਪਈ ਹੈ
ਧਰਤੀ ਤੇ ਵਗਦੀ ਜੀਵਨ ਦੀ ਨਦੀ ਸੁੱਕ ਗਈ ਹੈ
ਚੇਤਨਾ ਦੇ ਪਿੰਡੇ 'ਚ
ਉਦਾਸੀ ਤੁਰ ਰਹੀ ਹੈ
- O -
ਜ਼ਿੰਦਗੀ ਅੱਗ ਦਾ ਸਮੁੰਦਰ ਤਰ ਰਹੀ ਹੈ
ਜੀਵ ਜੰਤੂ ਪਸ਼ੂ ਪੰਛੀ ਸੜ ਰਹੇ ਹਨ
ਗੁਲਜ਼ਾਰ ਦੇ ਬੂਹੇ ਤੇ ਬਹਾਰਾਂ ਦਮ ਤੋੜ ਰਹੀਆਂ ਹਨ
ਮੌਸਮ ਮੁਰਝਾ ਗਏ ਹਨ
ਕਲੀਆਂ ਦੇ ਚਿਹਰੇ ਝੁਲਸ ਗਏ ਹਨ
ਫੁੱਲਾਂ ਦੇ ਪਿੰਡੇ ਰਾਖ ਹੋ ਗਏ ਹਨ
ਚੇਤਨਾ ਜਦ ਉਚਾਰਦੀ ਹੈ
ਉਦਾਸੀ ਦਾ ਬੋਲ ਉਚਾਰਦੀ ਹੈ
ਸ਼ੋਰ ਦੀ ਚੁੱਪ ਉਗਲਦੀ ਹੈ
- O -
ਆਪਣੀ ਉਦਾਸੀ 'ਚ ਉਲੰਝੀ ਚੇਤਨਾ
ਆਪਣੀ ਹੋਂਦ ਆਪਣਾ ਵਜੂਦ
ਆਪਣਾ ਚਿਹਰਾ ਭੁੱਲ ਗਈ ਹੈ
ਆਪਣੇ ਹੀ ਬੋਝ ਹੇਠ ਆ ਗਈ ਹੈ
ਆਪਣੇ ਆਪ ਦੀ ਰੋਗਣ ਹੋ ਗਈ ਹੈ
ਚੇਤਨਾ ਦੀ ਉਦਾਸੀ ਤੇ ਚੁੱਪ ਦਾ ਸਾਇਆ
ਜਦ ਧਰਤੀ ਤੇ ਪੈਂਦਾ ਹੈ ਧਰਤੀ ਹੌਕਾ ਭਰਦੀ ਹੈ
ਤੇ ਅੰਬਰ ਦੀ ਅੱਖ 'ਚੋਂ ਅੱਥਰੂ ਡਿੱਗ ਪੈਂਦਾ ਹੈ
- O -

ਚੇਤਨਾ ਦੀ ਉਦਾਸੀ
ਮਨੁੱਖੀ ਦਿਸਹੱਦਿਆਂ 'ਚ ਘਰ ਕਰ ਗਈ ਹੈ
ਖੇਤਾਂ 'ਚ ਫਸਲਾਂ ਦੀ ਥਾਂ ਕਬਰਾਂ ਉੱਗ
ਆਈਆਂ ਹਨ
ਸਾਗਰ ਮੋਈਆਂ ਮੱਛੀਆਂ ਨਾਲ ਭਰ ਗਿਆ ਹੈ
ਅੰਬਰ 'ਚ ਸ਼ਮਸ਼ਾਨ ਫੈਲਿਆ ਹੈ
ਸੂਰਜ ਚੰਦਾਂ ਤਾਰਿਆਂ ਦਾ ਵਜੂਦ ਬਲ ਰਿਹਾ ਹੈ
ਖਾਕ ਕਿਰ ਰਹੀ ਹੈ ਅਸਮਾਨ ਤੋਂ
ਮਨੁੱਖਤਾ ਦੀ ਅਰਥੀ ਉਠ ਰਹੀ ਹੈ ਜਹਾਨ ਤੋਂ
ਪੱਥਰ ਰੋ ਰੋ ਕੇ ਫਾਵੇ ਹੋ ਗਏ
ਮਥਰਾ ਦੇ ਗੁਆਲੇ
ਸ਼ਮਸ਼ਾਨਾਂ ਦੇ ਬਾਵੇ ਹੋ ਗਏ
- o -
ਜ਼ਿੰਦਗੀ ਦੀ ਰਗ ਰਗ
ਉਦਾਸੀ ਤੇ ਇਕੱਲਤਾ ਜੀਅ ਰਹੀ ਹੈ
ਸਮੇਂ ਦੇ ਵਜੂਦ 'ਚ ਉਦਾਸੀ ਸਮਾ ਗਈ ਹੈ
ਚੇਤਨਾ ਦੀ ਉਦਾਸੀ 'ਚ
ਮਨੁੱਖ ਦਾ ਸਾਹ ਘੁੱਟਦਾ ਹੈ
ਜ਼ਿੰਦਗੀ ਠਹਿਰ ਗਈ ਹੈ
ਚੇਤਨਾ ਗੁੰਮ ਸੁੰਮ ਹੈ
ਉਦਾਸੀ ਇਕੱਲਤਾ ਚੇਤਨਾ ਦੀ ਗੂੰਜ ਹੈ
ਅਵਾਜ਼ ਹੈ
- o -
ਮਿੱਟੀ ਦੇ ਬੁੱਤ ਉਦਾਸ ਨਾ ਹੋ
ਤੇਰੀ ਮਾਯੂਸੀ 'ਚੋਂ ਉਮੀਦ ਜਨਮੇਗੀ
ਹਿੰਮਤ ਦਾ ਅਗਾਜ਼ ਹੋਵੇਗਾ
ਤੇਰੇ ਦਿਲ ਨੂੰ
ਚੜ੍ਹਦੇ ਸੂਰਜ ਦਾ ਅਹਿਸਾਸ ਹੋਵੇਗਾ

# ਬੁੱਤ ਤੇ ਉਦਾਸੀ

**ਪ੍ਰਭਾਵ ਦੂਜਾ :**

ਮਨੁੱਖ ਵਿਚਲੇ ਪ੍ਰਾਣ ਉਦਾਸ ਨਾ ਹੋ
ਆਪਣੀ ਮਹਿਕ ਅੰਬਰ 'ਚ ਘੋਲ
ਰੁੱਖਾਂ ਤੇ ਪੱਤਿਆਂ 'ਚ ਵਸਦੇ ਪ੍ਰਾਣ
ਕੁਝ ਤਾਂ ਬੋਲ
ਆਪਣੇ ਦਿਲ ਦੇ ਬੂਹੇ ਬਾਰੀਆਂ
ਰੋਸ਼ਨਦਾਨ ਖੋਲ੍ਹ ਚੁੱਪ ਤੋੜ
ਆਪਣਾ ਰੂਪ ਹਵਾ ਹੋ ਕੇ ਜੰਗਲ 'ਚ ਸ਼ੂਕ
ਆਪਣੇ 'ਚ ਵਗਦੀਆਂ ਹਨੇਰੀਆਂ
ਤੇ ਤੂਫਾਨਾਂ ਨੂੰ ਸਿਆਣ
ਆਪਣੇ ਅੱਥਰੇਪਣ ਦਾ
ਅਹਿਸਾਸ ਮਰਨ ਨਾ ਦੇ
ਆਪਣੇ ਜਿਸਮ ਰੂਹ ਨੂੰ
ਉਦਾਸੀ ਨਾਲ ਭਰਨ ਨਾ ਦੇ
- o -
ਤੇਰੀ ਚੁੱਪ 'ਚ ਸ਼ੋਰ ਹੈ
ਤੇਰੀ ਉਦਾਸੀ 'ਚ ਖੇੜਾ ਹੈ
ਤੇਰੀ ਇਕੱਲਤਾ 'ਚ ਰੌਣਕਾਂ ਦਾ ਡੇਰਾ ਹੈ
ਤੇਰੇ ਚਿਹਰੇ ਤੇ ਉਦਾਸੀ ਦੇ ਜੰਗਲ
ਤੇਰੀ ਮਹਿਕ ਨੂੰ ਮਾਰ ਰਹੇ ਹਨ
ਤੇਰੀਆਂ ਤਲੀਆਂ ਤੇ
ਪੱਤਝੜਾਂ ਧਰ ਰਹੇ ਹਨ
ਤੇਰੇ ਚਾਨਣ 'ਚ ਹਨੇਰੇ ਉਤਾਰ ਰਹੇ ਹਨ
- o -
ਤੇਰਾ ਸਫ਼ਰ ਹੈ
ਅੰਬਰਾਂ ਧਰਤੀਆਂ ਪਹਾੜਾਂ ਦੇ
ਪਿੰਡਿਆਂ 'ਚ ਵਗਣ ਦਾ
ਪੱਤਝੜਾਂ ਨੂੰ ਤਰਨ ਦਾ

ਬਹਾਰਾਂ ਮੌਸਮਾਂ
ਤੇ ਕਲੀਆਂ 'ਚ ਖੁਸ਼ਬੂਆਂ ਭਰਨ ਦਾ
ਲਹੂ ਮਾਸ ਦੇ ਲੋਥੜਿਆਂ 'ਚ ਜਾਨ ਫੂਕਣ ਦਾ
ਤੂੰ ਜੀਵਨ ਦਾ ਮੂਲ ਹੈਂ ਅਧਾਰ ਹੈਂ
- O -
ਤੇਰੀ ਉਦਾਸੀ ਤੇ ਇਕੱਲਤਾ
ਜੇ ਤੇਰੇ 'ਚ ਪਸਰ ਜਾਏਗੀ
ਰੁਕੇਗੀ ਜ਼ਿੰਦਗੀ
ਤੇ ਫੈਲੇਗੀ ਗਤੀਹੀਣਤਾ
ਬੁੱਸ ਜਾਣਗੇ ਸਮੁੰਦਰ ਰੁੱਸ ਜਾਣਗੇ ਮੌਸਮ
ਪੰਛੀਆਂ ਦੇ ਗੀਤ
ਕੰਠ 'ਚ ਹੀ ਦਫ਼ਨ ਹੋ ਜਾਣਗੇ
ਧਰਤੀ ਦੀਆਂ ਵਾਦੀਆਂ ਦੇ ਵਜ਼ੂਦ
ਕਬਰਾਂ ਤੇ ਸ਼ਮਸ਼ਾਨਾਂ 'ਚ ਢਲ ਜਾਣਗੇ
- O -
ਤੇਰੀ ਉਦਾਸੀ ਸਮੁੰਦਰ 'ਚ
ਸਹਿਰਾ ਉੱਗਾਏਗੀ
ਰੁੱਖਾਂ 'ਚੋਂ ਕਰੂੰਬਲਾਂ ਦੀਆਂ ਪੁੰਗਰਾਂ
ਸੂਲੀ ਤੇ ਚੜ੍ਹਾਏਗੀ
ਸੂਰਜਾਂ ਦੇ ਦੀਵੇ ਬੁੱਝਾਏਗੀ
ਚੰਨਾਂ ਤਾਰਿਆਂ ਦੇ ਜਿਸਮ ਝੁਲਸਣਗੇ
ਹਵਾਵਾਂ ਦੇ ਵੇਗ ਉਲਝਣਗੇ
ਰਾਗ ਰਾਗਨੀਆਂ ਦੀ ਸੁਰ ਮਰੇਗੀ
ਧਰਤੀ ਬੰਜਰ ਤੇ ਅਸਮਾਨ ਕਾਲਾ ਕਰੇਗੀ
- O -
ਮਿੱਟੀ ਦੇ ਬੁੱਤ ਉਦਾਸ ਨਾ ਹੋ
ਤੇਰੀ ਮਾਯੂਸੀ 'ਚੋ ਉਮੀਦ ਜਨਮੇਗੀ
ਹਿੰਮਤ ਦਾ ਅਗਾਜ਼ ਹੋਵੇਗਾ
ਤੇਰੇ ਦਿਲ ਨੂੰ
ਚੜ੍ਹਦੇ ਸੂਰਜ ਦਾ ਅਹਿਸਾਸ ਹੋਵੇਗਾ
※ ※ ※

# ਬੁੱਤ ਤੇ ਉਦਾਸੀ

**ਪ੍ਰਭਾਵ ਤੀਜਾ :**

ਮਨੁੱਖ ਵਿੱਚਲਾ ਨਿੱਘ ਉਦਾਸ ਹੈ
ਨਿੱਘ ਦਾ ਤੇਜ਼ ਉਦਾਸ ਹੈ
ਉਦਾਸੀ ਹੀ ਉਦਾਸੀ ਨਿੱਘ ਦੇ ਤੇਜ਼ ਦੇ ਪਾਸ ਹੈ
ਪੰਛੀਆਂ ਦੇ ਪਰ੍ਹਾਂ ਹੇਠ ਨਿੱਘ ਠਰ ਗਿਆ ਹੈ
ਆਂਡਿਆਂ 'ਚੋ ਬੋਟ ਨਿਕਲਣ ਦੀ ਪਥਰਾ
ਗਈ ਆਸ ਹੈ
ਜ਼ਿੰਦਗੀ ਜਨਮ ਤੋਂ ਪਹਿਲਾਂ ਹੀ ਮੁਕ ਗਈ
ਮੌਸਮਾਂ ਦੇ ਮੂੰਹਾਂ ਤੇ ਪਲੱਤਣ ਹੈ
ਰੁੱਖਾਂ ਦੀ ਛਾਂ ਧੁੱਖ ਰਹੀ
ਫੁੱਲਾਂ ਦੇ ਰੰਗ ਜ਼ਰਦ ਹੋ ਗਏ
ਕਲੀਆਂ ਦੀ ਮਹਿਕ ਦੇ ਪਿੰਡੇ ਸਰਦ ਹੋ ਗਏ
- o -
ਮਨੁੱਖੀ ਨਿੱਘ ਦੀ ਉਦਾਸੀ 'ਚ
ਪ੍ਰਕਿਰਤੀ ਠਰ ਗਈ ਹੈ
ਸਮੁੰਦਰ ਬਰਫ਼ ਹੋ ਗਿਆ ਹੈ
ਪਹਾੜਾਂ ਦਾ ਜਿਸਮ ਸਰਦ ਹੋ ਗਿਆ ਹੈ
ਜੰਗਲ ਪੱਤਿਆਂ ਤੋਂ ਜੜ੍ਹਾਂ ਤਕ ਜੰਮ ਗਿਆ ਹੈ
ਬਰਫ ਦੇ ਬੱਦਲ ਅਕਾਸ਼ 'ਚ ਥਮ ਗਏ ਹਨ
ਹਵਾ ਦੇ ਅੰਗ ਠਰ ਗਏ ਹਨ
ਜਿੰਮੀਂ ਤੇ ਜਲ ਦੇ ਚਸ਼ਮੇ ਬਰਫ਼ਾ ਗਏ ਹਨ
ਮਨੁੱਖ ਦਾ ਲਹੂ ਜੰਮ ਗਿਆ ਹੈ
ਜ਼ਿੰਦਗੀ ਦੇ ਸਾਹ ਰੁਕ ਗਏ ਹਨ
ਸਾਰੀ ਕਾਇਨਾਤ ਦੇ ਜਿਸਮ ਦੀ
ਹਰਕਤ ਥੰਮ ਗਈ ਹੈ
ਪ੍ਰਕਿਰਤੀ 'ਚ ਵਗਦੀ ਨਿੱਘ ਦੀ ਨਦੀ ਠਰ ਗਈ ਹੈ
- o -

ਮਨੁੱਖੀ ਨਿੱਘ ਦੀ ਉਦਾਸੀ 'ਚ
ਧਰਤੀ ਦਾ ਜ਼ੱਰਾ ਜ਼ੱਰਾ ਸੀਤ ਹੋ ਗਿਆ ਹੈ
ਤਾਰਕਾ ਮੰਡਲ ਨੂੰ ਕਾਂਬਾ ਛਿੜ ਗਿਆ ਹੈ
ਸੂਰਜ ਤੇਜਹੀਣ ਗੋਲਾ ਬਣਕੇ ਰਹਿ ਗਿਆ ਹੈ
ਮਨੁੱਖਤਾ ਬਰਫ਼ ਦੇ ਪਹਾੜ ਹੇਠ ਆ ਗਈ ਹੈ
ਸੀਤ ਬਰਫ਼ ਧਰਤੀ ਦਾ ਟੁੱਕੜਾ
ਤੇ ਅੰਬਰ ਖਾ ਗਈ ਹੈ
ਸਾਹਾਂ ਦਾ ਨਿੱਘ ਬਰਫ਼ਾ ਗਿਆ ਹੈ
ਜੰਗਲ ਦਾ ਕਵਚ ਹੀ ਜੰਗਲ ਦੇ ਰੁੱਖ
ਖਾ ਗਿਆ ਹੈ
- O -
ਨਿੱਘ 'ਚੋਂ ਤੇਜ਼ ਮਨਫ਼ੀ ਹੋ ਗਿਆ ਹੈ
ਨਿੱਘ ਮਨੁੱਖ ਦਾ ਵਜੂਦ ਛੱਡ ਗਿਆ ਹੈ
ਉਦਾਸੀ ਤੇ ਇਕੱਲਤਾ
ਨਿੱਘ ਦੇ ਅੰਗ ਅੰਗ 'ਚ ਠਹਿਰ ਗਈ ਹੈ
ਬਰਫ਼ਾਨੀ ਤੂਫਾਨ ਨਿੱਘ ਦੇ ਨੈਣਾਂ 'ਚ
ਵਸ ਗਿਆ ਹੈ
ਨਿੱਘ ਆਪਣੀ ਹੋਂਦ ਤੇ ਵਜ਼ੂਦ
ਬਿਨ ਜੀਅ ਰਿਹਾ ਹੈ
ਮੌਤ ਦੇ ਸਰਦ ਘੁੱਟ ਪੀ ਰਿਹਾ ਹੈ
ਨਿੱਘ ਬਰਫ਼ ਦੀ ਹੋਂਦ ਬਣ ਕੇ ਰਹਿ ਗਿਆ ਹੈ
ਬਰਫ਼ ਦੇ ਜਿਸਮ 'ਚ ਬਰਫ਼ ਹੋ ਕੇ
ਵਹਿ ਗਿਆ ਹੈ
- O -
ਮਿੱਟੀ ਦੇ ਬੁੱਤ ਉਦਾਸ ਨਾ ਹੋ
ਤੇਰੀ ਮਾਯੂਸੀ 'ਚੋ ਉਮੀਦ ਜਨਮੇਗੀ
ਹਿੰਮਤ ਦਾ ਅਗਾਜ਼ ਹੋਵੇਗਾ
ਚੜ੍ਹਦੇ ਸੂਰਜ ਦਾ
ਤੇਰੇ ਦਿਲ ਨੂੰ ਅਹਿਸਾਸ ਹੋਵੇਗਾ

## ਬੁੱਤ ਤੇ ਉਦਾਸੀ

**ਪ੍ਰਭਾਵ ਚੌਥਾ :**

ਮਨੁੱਖ ਵਿੱਚਲਾ ਲਹੂ ਉਦਾਸ ਹੈ
ਲਹੂ ਦੀ ਸੂਲੀ ਤੇ ਲਹੂ ਦੀ ਆਸ ਹੈ
ਲਹੂ ਦੇ ਨੈਣਾਂ 'ਚ
ਲਹੂ ਦੀ ਲਾਸ਼ ਹੈ
ਚੁੱਪ ਇਕੱਲਤਾ ਤੇ ਉਦਾਸੀ
ਲਹੂ ਦਾ ਸਫ਼ਰ ਹੈ
ਲਹੂ ਦੇ ਮੱਥੇ 'ਚ ਬਲਦੀ ਲਹੂ ਦੀ ਦੇਹ ਹੈ

- O -

ਲਹੂ ਆਪਣੇ ਨਿੱਘ ਤੋਂ ਆਪਣੇ ਰੰਗ ਤੋਂ
ਪਰਾਇਆ ਹੋ ਗਿਆ ਹੈ
ਲਹੂ 'ਚੋਂ ਲਹੂ ਦੀ ਹੋਂਦ ਦਾ
ਸਫਾਇਆ ਹੋ ਗਿਆ ਹੈ
ਸਮੁੰਦਰ ਦੀ ਦੁਨੀਆਂ ਦੇ ਲਹੂ 'ਚ
ਉਦਾਸੀ ਭਰ ਗਈ ਹੈ
ਉਦਾਸੀ ਨੇ ਸਮੁੰਦਰ ਦਾ ਲਹੂ
ਰਿੜ੍ਹਕਿਆ ਹੈ
ਸਮੁੰਦਰ ਦਾ ਵਜੂਦ ਸ਼ਹਿਰਾਂ 'ਚ
ਢਲ ਗਿਆ ਹੈ
ਸਾਉਣ ਦੇ ਮਹੀਨੇ ਸਮੁੰਦਰ ਧੁੱਖ ਰਿਹਾ ਹੈ
ਸਮੁੰਦਰ ਦਾ ਜਲ ਨਾ ਭਾਫ਼ ਹੀ ਬਣਿਆ
ਨਾ ਬੱਦਲ ਹੀ
ਉਦਾਸੀ ਨੇ ਸਮੁੰਦਰ ਪੀ ਲਿਆ ਹੈ
ਇਕੱਲਤਾ ਨੇ ਸਮੁੰਦਰ ਖਾ ਲਿਆ ਹੈ

- O -

ਜੰਗਲ ਦਾ ਹਰਾਕਚੂਰ ਲਹੂ ਸੁੱਕ ਗਿਆ ਹੈ
ਧਰਤੀ ਬੰਜਰ ਤੇ ਕੱਲਰ ਹੋ ਗਈ ਹੈ

ਲਹੂ ਦੀ ਉਦਾਸੀ
ਪ੍ਰਕਿਰਤੀ ਦੇ ਪਿੰਡੇ 'ਚ ਸਮਾ ਗਈ ਹੈ
ਪ੍ਰਕਿਰਤੀ ਦੀ ਰੌਣਕ ਤੇ ਹਰਿਆਵਲ ਖਾ ਗਈ ਹੈ
ਅੰਬਰ ਜ਼ਰਦ ਹੈ
ਅੰਬਰ 'ਚੋਂ ਸਾਰੇ ਦਾ ਸਾਰਾ ਲਹੂ ਚੋਅ ਗਿਆ ਹੈ
ਸੂਰਜ ਦਾ ਤੇਜ਼ ਬਨਵਾਸੀ ਹੋ ਗਿਆ ਹੈ
ਲਹੂ ਦੀ ਉਦਾਸੀ ਤੇ ਇਕੱਲਤਾ
ਮਨੁੱਖ ਦੀ ਦ੍ਰਿਸ਼ਟੀ ਤੇ ਜ਼ਿੰਦਗੀ 'ਚ ਠਹਿਰ ਗਈ ਹੈ
ਲਹੂ ਦੀ ਉਦਾਸੀ ਅੰਬਰ ਤੋਂ ਉਚੇਰੀ ਹੋ ਗਈ ਹੈ
ਧਰਤੀ ਤੋਂ ਗਹਿਰੀ ਹੋ ਗਈ ਹੈ
ਅੰਬਰ ਤੋਂ ਜਲ ਦੀ ਥਾਂ
ਉਦਾਸੀ ਤੇ ਇਕੱਲਤਾ ਬਰਸਦੀ ਹੈ
ਧਰਤੀ 'ਚੋਂ ਇਕੱਲਤਾ ਜਨਮ ਰਹੀ ਹੈ
ਮਨੁੱਖ ਤੋਂ ਮਨੁੱਖਤਾ ਵੱਲ ਤੁਰ ਰਹੀ ਹੈ
ਮਨੁੱਖ ਤੇ ਜ਼ਿੰਦਗੀ ਦੀ ਰਗ ਰਗ 'ਚ
ਘੁਲ ਗਈ ਹੈ
ਮਨੁੱਖ ਵਿਚਲਾ ਲਹੂ ਉਦਾਸ ਹੈ
ਲਹੂ ਦੀ ਉਦਾਸੀ ਦਾ
ਜ਼ਿੰਦਗੀ ਤੋਂ ਪਹਿਲਾਂ ਵੀ ਤੇ ਪਿੱਛੋਂ ਵੀ
ਵਿਸਥਾਰ ਹੈ

- O -

ਮਿੱਟੀ ਦੇ ਬੁੱਤ ਉਦਾਸ ਨਾ ਹੋ
ਤੇਰੀ ਮਾਯੂਸੀ 'ਚੋਂ ਉਮੀਦ ਜਨਮੇਗੀ
ਹਿੰਮਤ ਦਾ ਅਗਾਜ਼ ਹੋਵੇਗਾ
ਚੜ੍ਹਦੇ ਸੂਰਜ ਦਾ
ਤੇਰੇ ਦਿਲ ਨੂੰ ਅਹਿਸਾਸ ਹੋਵੇਗਾ

# ਬੁੱਤ ਤੇ ਉਦਾਸੀ

**ਪ੍ਰਭਾਵ ਪੰਜਵਾਂ :**

ਮਨੁੱਖ ਦੀ ਦੇਹ ਉਦਾਸ ਹੈ
ਦੇਹ ਦੀ ਖ਼ੁਸ਼ਬੂ ਉਦਾਸ ਹੈ
ਦੇਹ ਦੀ ਕੁੱਖ 'ਚ ਉਦਾਸੀ ਤੇ
ਇਕੱਲਤਾ ਉੱਗ ਆਈ ਹੈ
ਦੇਹ ਦੀ ਵਿਹੜੇ 'ਚ ਉਦਾਸੀ ਪੁੱਗ ਆਈ ਹੈ

- 0 -

ਫ਼ਸਲਾਂ ਦੇ ਖੇਤਾਂ 'ਚੋਂ ਉਦਾਸੀ ਝਾਕਦੀ ਹੈ
ਉਦਾਸੀ ਬੋਲਦੀ ਹੈ
ਮੰਦਰਾਂ, ਮਸਜ਼ਦਾਂ, ਠਾਕੁਰ ਦੁਆਰਿਆਂ ਤੇ
ਮਦਰੱਸਿਆ 'ਚ
ਉਦਾਸੀ ਸਿਮਰੀ ਧਿਆਈ ਤੇ
ਸਿਖਾਈ ਜਾਂਦੀ ਹੈ
ਮਨੁੱਖ ਦੇ ਚਿਹਰੇ ਦੀ ਉਦਾਸੀ
ਮਨੁੱਖ ਨੂੰ ਬਾਲ ਤੋਂ ਮਨੁੱਖ ਬਣਨ ਤਕ
ਪੜ੍ਹਾਈ ਜਾਂਦੀ ਹੈ
ਧਰਤ ਤੋਂ ਉਠਾ ਕੇ ਉਦਾਸੀ
ਅੰਬਰ ਤੇ ਬਿਠਾਈ ਜਾਂਦੀ ਹੈ

- 0 -

ਉਦਾਸੀ ਦਾ ਅਰਘਾ
ਸੂਰਜ ਨੂੰ ਚੜ੍ਹਦਾ ਹੈ
ਬਾਜ਼ਾਰਾਂ 'ਚ ਤੇ ਸੜਕਾਂ ਤੇ ਤੁਰਦੀ
ਫਿਰਦੀ ਉਦਾਸੀ ਪਾਈ ਜਾਂਦੀ ਹੈ
ਰੰਡੀ ਦੇ ਕੋਠੇ 'ਤੇ
ਘੁੰਗਰੂ ਦੀ ਗੂੰਜ 'ਚ
ਉਦਾਸੀ ਸੁਣਾਈ ਜਾਂਦੀ ਹੈ

ਪੀਰਾਂ ਫ਼ਕੀਰਾਂ ਦੀਆਂ ਮੜੀਆਂ
ਸਮਾਧਾਂ 'ਤੇ
ਉਦਾਸੀ ਗਾਈ ਜਾਂਦੀ ਹੈ
ਘਰਾਂ ਦੇ ਵਿਹੜਿਆਂ 'ਚ
ਉਦਾਸੀ ਨੱਚ ਰਹੀ ਹੈ
ਚੁੱਲਿਆਂ 'ਚ ਉਦਾਸੀ ਬਲ ਰਹੀ ਹੈ
ਬਨੇਰਿਆਂ ਦੀਆਂ ਦੁਆਰਾਂ ਤੇ
ਦੀਵਿਆਂ ਵਾਂਗੂੰ ਉਦਾਸੀ ਜਗ ਰਹੀ ਹੈ
- o -
ਪੈਰਾਂ 'ਚ
ਬੰਨ੍ਹ ਕੇ ਚੁੱਪ ਦੀ ਪਾਇਲ
ਮਨੁੱਖਤਾ ਦੇ ਮੰਚ ਤੇ ਉਦਾਸੀ ਨੱਚ ਰਹੀ ਹੈ
ਆਪਣੀ ਹੋਂਦ ਦੇ ਵਜੂਦ ਦੀ ਪ੍ਰਕਰਮਾ ਕਰ ਰਹੀ ਹੈ
ਹਾਸਿਆਂ 'ਚ ਅੱਥਰੂ ਧਰ ਰਹੀ ਹੈ
ਤੀਰਥਾਂ ਮੈਖ਼ਾਨਿਆਂ ਤੇ ਰਾਜ-ਦਰਬਾਰਾਂ 'ਚ
ਉਦਾਸੀ ਮਿਸ਼ਾਲਾਂ ਵਾਂਗ ਜਗ ਰਹੀ ਹੈ
- o -
ਪ੍ਰਕਿਰਤੀ ਦੀ ਦੇਹ 'ਚੋਂ
ਉਦਾਸੀ ਤੇ ਇਕੱਲਤਾ ਝਾਕਦੀ ਹੈ
ਮਨੁੱਖਤਾ ਦੀ ਦੇਹ ਤੇ ਮਨੁੱਖ ਦੇ ਮਸਤਕ 'ਚ
ਉਦਾਸੀ ਜਾਗਦੀ ਹੈ
ਏਨੀ ਉਦਾਸੀ ਧਰਤ ਦੀ ਕੁੱਖ 'ਚੋਂ ਉੱਗ ਆਈ ਹੈ
ਕਿ ਧਰਤ ਤੇ ਅਕਾਸ਼ ਵਿਚਲੇ ਖਲਾਅ 'ਚ
ਉਦਾਸੀ ਪਸਰ ਆਈ ਹੈ
ਦੇਹ ਉਦਾਸ ਹੋ ਗਈ ਹੈ
ਦੇਹ ਦੀ ਖ਼ੁਸ਼ਬੂ ਬਾਸੀ ਹੋ ਗਈ ਹੈ
- o -

ਦੇਹ 'ਚ ਪ੍ਰਾਣ ਮੈਲਾ ਹੋ ਗਿਆ
ਦੇਹ ਦਾ ਲਹੂ ਕਾਲਾ ਹੋ ਗਿਆ ਹੈ
ਦੇਹ ਦਾ ਨਿੱਘ ਬਰਫ਼ 'ਚ ਢੱਲ ਗਿਆ ਹੈ
ਦੇਹ ਦੇ ਮੂੰਹ ਤੇ ਉਦਾਸੀ ਉੱਗ ਪਈ ਹੈ
ਦੇਹ ਦੇ ਲਹੂ 'ਚੋਂ ਉਦਾਸੀ ਜਨਮਦੀ ਹੈ
ਦੇਹ ਦੇ ਦਿਲ 'ਚ ਉਦਾਸੀ ਠਹਿਰਦੀ ਹੈ
ਦੇਹ ਉਦਾਸੀ ਦਾ ਵਜ਼ੂਦ
ਉਦਾਸੀ ਦੀ ਹੋਂਦ ਹੋ ਗਈ ਹੈ

- o -

ਮਿੱਟੀ ਦੇ ਬੁੱਤ ਉਦਾਸ ਨਾ ਹੋ
ਤੇਰੀ ਮਾਯੂਸੀ 'ਚੋਂ ਉਮੀਦ ਜਨਮੇਗੀ
ਹਿੰਮਤ ਦਾ ਅਗਾਜ਼ ਹੋਵੇਗਾ
ਚੜ੍ਹਦੇ ਸੂਰਜ ਦਾ
ਤੇਰੇ ਦਿਲ ਨੂੰ ਅਹਿਸਾਸ ਹੋਵੇਗਾ

## ਬ੍ਰੁੱਤ ਉਦਾਸੀ ਤੇ ਰਹਾਓ

**ਰਹਾਓ :**
ਪੂਰਨ ਉਦਾਸੀ
ਇਕੱਲਤਾ ਤੇ ਇਕਾਂਤ ਹੈ
ਧੁੰਧੂਕਾਰਾ ਹੈ.
ਨਾ ਸੂਰਜ ਨਾ ਚੰਨ ਨਾ ਤਾਰੇ
ਨਾ ਉਜਾਲਾ ਹੈ
ਪ੍ਰਕਿਰਤੀ ਤੇ ਜ਼ਿੰਦਗੀ ਦੇ ਜਨਮ ਨੇ
ਆਪਣਾ ਆਪ ਦੁਹਾਰਾਇਆ ਹੈ
ਮਨੁੱਖ ਨੂੰ
ਜੀਵਨ ਪ੍ਰਕਿਰਤੀ ਦੀ ਜੜ੍ਹ ਜਨਮ ਦਾ
ਮੁੱਢ ਨਜ਼ਰ ਆਇਆ ਹੈ
- o -
ਪ੍ਰਕਿਰਤੀ ਦੇ ਜਨਮ ਤੋਂ ਪਹਿਲਾਂ ਦਾ ਵਜੂਦ
ਪ੍ਰਕਿਰਤੀ ਨੇ ਮਨੁੱਖ ਨੂੰ ਵਿਖਾਇਆ ਹੈ
ਸਮਾਂ ਭਵਿੱਖ ਤੋਂ
ਭੂਤ ਦੇ ਅੰਦਰ 'ਚ ਉੱਤਰ ਆਇਆ ਹੈ
ਉਸ ਖੋਲ ਦਾ ਸੱਚ ਨਜ਼ਰ ਆਇਆ ਹੈ
ਜਿਸ ਖੋਲ 'ਚ ਪ੍ਰਕਿਰਤੀ ਨੂੰ ਉਤਾਰਿਆ ਗਿਆ
ਉਸ ਖੋਲ ਦਾ ਅਕਾਰ ਰੰਗ ਰੂਪ ਅੰਗ ਤੇ ਨਕਸ਼
ਦ੍ਰਿਸ਼ਟਮਾਨ ਹਨ
ਜਿਸ ਖੋਲ 'ਚ ਪ੍ਰਕਿਰਤੀ ਦਾ ਅੰਕੁਰ ਬੀਜਿਆ ਗਿਆ
ਤੇ ਉੱਗਾਇਆ ਗਿਆ
ਅਗਤੀ ਹੀ ਵਜੂਦ ਹੈ ਵਿਸਥਾਰ ਹੈ
ਇਕੱਲਤਾ ਚੁੱਪ ਇਕਾਂਤ ਹੈ ਧੁੰਧੂਕਾਰ ਹੈ
ਇਸ ਪ੍ਰਕਿਰਤੀ ਦਾ ਇਸ ਜੀਵਨ ਦਾ ਅਗਾਜ਼ ਹੈ
ਜਨਮ ਹੈ

# ਬੁੱਤ ਤੇ ਉਦਾਸੀ

**ਪ੍ਰਭਾਵ ਛੇਵਾਂ :**

ਮਿੱਟੀ ਦੇ ਬੁੱਤ ਤੇਰੀ ਚੇਤਨਾ
ਪ੍ਰਾਣ ਨਿੱਘ ਲਹੂ ਤੇ ਜਿਸਮ 'ਚ
ਫੈਲੀ ਉਦਾਸੀ ਚੁੱਪ ਤੇ ਇਕੱਲਤਾ
ਉਮੀਦ ਤੇ ਹਿੰਮਤ ਦੀ ਗਰਭਤ ਹੈ
ਗੁਲਸ਼ਨ ਬਹਾਰਾਂ ਮੌਸਮ ਖੁਸ਼ੀਆਂ
ਖੁਸ਼ਹਾਲੀਆਂ ਬੇਸ਼ਕ ਨਜ਼ਰ ਤੋਂ ਦੂਰ ਹਨ
ਪਰ ਤੇਰੇ ਹਜ਼ੂਰ ਹਨ

- 0 -

ਤੇਰੀ ਮਾਯੂਸੀ 'ਚ ਜ਼ਿੰਦਗੀ
ਦੇ ਪਲਾਂ ਦਾ ਅੰਕੁਰ ਹੈ
ਤੇਰੀ ਰੁਕ ਗਈ ਜ਼ਿੰਦਗੀ ਫੈਲੀ ਅਗਤੀ 'ਚ
ਧੁੰਧੂਕਾਰਾ ਮਾਹੌਲ 'ਚ
ਜ਼ਿੰਦਗੀ ਦਾ ਬੀਜ ਫੁੱਟੇਗਾ
ਉਦਾਸੀ ਚੁੱਪ ਤੇ ਇੱਕਲਤਾ ਤੇਰੇ 'ਚੋਂ
ਪੁੱਟ ਕੇ ਬਾਹਰ ਸੁਟੇਗਾ
ਫਿਰ ਤੇਰੇ ਸਹਿਰਾ 'ਚ ਸਮੁੰਦਰ
ਵੀਰਾਨੀਆਂ 'ਚ ਬਹਾਰਾਂ ਦਾ ਗਿੱਧਾ
ਤੇ ਮੌਸਮ ਦੇ ਗੀਤ ਗੂੰਜਣਗੇ
ਉਦਾਸੀ ਚੁੱਪ ਤੇ ਇਕੱਲਤਾ
ਤੇਰੇ ਵਿਹੜੇ 'ਚੋਂ ਹੂੰਝਣਗੇ

- 0 -

ਤੇਰੇ ਵਜ਼ੂਦ 'ਚ ਜੇ ਉਦਾਸੀ ਚੁੱਪ ਇਕੱਲਤਾ
ਅਗਤੀ ਤੇ ਧੁੰਧੂਕਾਰੇ ਦੀ ਹੋਂਦ ਨਹੀਂ
ਤਾਂ ਖੁਸ਼ੀ ਸ਼ੋਰ ਰੌਣਕ ਤੇ ਗਤੀ ਦਾ ਕੋਈ ਮਾਇਨਾ ਨਹੀਂ
ਕੋਈ ਅਰਥ ਨਹੀਂ ਕੋਈ ਵਜ਼ੂਦ ਨਹੀਂ
ਉਦਾਸੀ ਚੁੱਪ ਤੇ ਇਕੱਲਤਾ 'ਚੋਂ
ਖੁਸ਼ੀ ਸੁਰ ਤੇ ਰੌਣਕ ਜਨਮੇਗੀ

ਚੇਤਨ ਪ੍ਰਾਣ ਲਹੂ ਨਿੱਘ ਤੇਰੀ ਦੇਹ 'ਚ ਠਹਿਰੇਗਾ
ਅਗਤੀ ਤੋਂ ਜੀਵਨ ਗਤੀ ਜਨਮੇਗੀ
ਹਨੇਰੇ ਦੀ ਕੁੱਖ 'ਚ ਵੇਗ ਹੈ
ਸ਼ੂਨਯ ਤੇ ਇਕੱਲਤਾ ਰੌਣਕ ਦੀ ਜਨਮ ਦਾਤੀ ਹੈ
ਚੁੱਪ ਦੀ ਕੁੱਖ 'ਚ ਸ਼ੋਰ ਰਾਤ ਦੀ ਕੁੱਖ 'ਚ ਦਿਨ ਹੈ
ਧੁੰਧੂਕਾਰਾ 'ਚ ਨੂਰ ਹੈ ਉਜਾਲਾ ਹੈ
ਜੀਵਨ ਦਾ ਵਜੂਦ ਹੈ
ਉਦਾਸੀ ਚੁੱਪ ਇਕੱਲਤਾ ਇਕਾਂਤ ਧੁੰਧੂਕਾਰਾ
ਆਦਿ ਜੁਗਾਦਿ ਸੱਚ ਹਨ
- o -
ਪ੍ਰਕਿਰਤੀ ਤੇ ਬ੍ਰਹਿਮੰਡ ਦੇ ਜੀਵਨ ਤੋਂ ਪਹਿਲਾਂ
ਧੁੰਧੂਕਾਰਾ ਚੁੱਪ ਇਕੱਲਤਾ ਇਕਾਂਤ ਤੇ ਸ਼ੂਨਯ ਸੀ
ਨਾ ਰੌਸ਼ਨੀ ਸੀ ਨਾ ਨੂਰ ਸੀ
ਨਾ ਸ਼ਬਦ ਨਾ ਅਰਥ ਨਾ ਭਾਸ਼ਾ
ਸਿਰਫ ਸੰਕਲਪ ਸੀ
ਜਿਸ 'ਚੋਂ ਪ੍ਰਕਿਰਤੀ ਜਨਮੀ ਬ੍ਰਹਿਮੰਡ ਸਿਰਜੇ ਗਏ
ਹਵਾ ਅੱਗ ਜਲ ਅਕਾਸ਼ ਧਰਤੀ ਦਾ
ਅਗਾਜ਼ ਹੋਇਆ
ਪਸ਼ੂ ਪੰਛੀਆਂ ਜੀਵ ਜੰਤੂਆਂ ਦਾ
ਧਰਤੀ ਤੇ ਵਾਸ ਹੋਇਆ
ਚੰਨ ਸੂਰਜ ਤਾਰਿਆਂ ਦਾ ਪ੍ਰਕਾਸ਼ ਹੋਇਆ
- o -
ਧੁੰਧੂਕਾਰਾ ਚੁੱਪ ਇਕੱਲਤਾ ਇਕਾਂਤ ਤੇ ਸ਼ੂਨਯ 'ਚੋਂ
ਜੀਵਨ ਦੀ ਪਹੁ ਫੁੱਟੀ
ਆਦਮੀ ਦਾ ਬੀਜ ਧਰਤੀ ਤੇ ਗਿਆ ਬੋਇਆ
ਜੀਵਨ ਉੱਤਪਤੀ ਦਾ ਮੂਲ ਨਜ਼ਰ ਆਇਆ
ਸੱਚ ਨਜ਼ਰ ਆਇਆ ਜੜ੍ਹ ਨਜ਼ਰ ਆਈ
- o -

ਪ੍ਰਕਿਰਤੀਆਂ ਅਕਾਸ਼ ਧਰਤੀਆਂ
ਚੰਨ ਸੂਰਜ ਤਾਰੇ ਜੀਵਨ ਤੇ ਜੀਵਨ ਦੀ ਰੌਣਕ
ਸਭ ਸੁਪਨਾ ਹੈ ਖ਼ੁਆਬ ਹੈ ਸਥਿਰ ਨਹੀਂ
ਚਲਣਹਾਰ ਹਨ ਸੱਚ ਨਹੀਂ
ਧੁੰਧੂਕਾਰਾ ਇਕੱਲਤਾ ਇਕਾਂਤ ਸ਼ੂਨਯਾਂ
ਅਗਤੀ ਚਿੰਰਨਜੀਵ ਹਨ ਮ੍ਰਿਤਯੂ ਰਹਿਤ ਹਨ
ਨਿਰੰਤਰ ਜੀਵਨ ਗਤੀ ਦਾ ਬੀਜ ਹਨ
ਹਮੇਸ਼ਾਂ ਸਨ ਹਮੇਸ਼ਾਂ ਹਨ
- 0 -
ਇਨ੍ਹਾਂ ਦੇ ਸੱਚ ਨੂੰ ਸਮਝ
ਇਨ੍ਹਾਂ ਦੇ ਯਥਾਰਥ ਨੂੰ ਜਿਉਣਾ ਸਿੱਖ
ਇਨ੍ਹਾਂ ਦੇ ਬੀਜ 'ਚ ਸਮਾਏ ਰੁੱਖ ਦਾ
ਸੰਕਲਪ ਹੰਢਾ
ਇਨ੍ਹਾਂ 'ਚੋਂ ਤੇਰੇ ਸਮੇਂ ਦਾ ਸੂਰਜ ਉੱਗੇਗਾ
ਤੇਰੀ ਜਦ ਚੁੱਪ ਟੁੱਟੇਗੀ
ਤਾਂ ਸ਼ੋਰ ਦਾ ਹੜ੍ਹ ਆਵੇਗਾ
ਸੁਰ ਗੀਤ ਰਾਗ ਸਾਜ਼ ਤੇਰੇ ਦੁਆਲੇ
ਤੇ ਅੰਦਰ ਫੈਲ ਜਾਵਣਗੇ
ਚੇਤਨਾ ਦਾ ਬੋਲ ਪ੍ਰਾਣ ਦੀ ਮਹਿਕ
ਤੇਰੇ ਜਿਸਮ 'ਚੋ ਆਵੇਗੀ
ਬਹਾਰਾਂ ਮੌਸਮਾਂ ਰੁੱਤਾਂ ਦੇ ਤਾਲ
ਤੇਰੇ ਕੰਠ 'ਚ ਉਤਰ ਜਾਵਣਗੇ
ਸਰਸਵਤੀ ਤੇਰੇ ਲਹੂ 'ਚ ਟੁਰੇਗੀ
ਰੌਣਕਾਂ ਦੀ ਦੁਨੀਆਂ ਤੇਰੇ ਨੈਣਾਂ 'ਚ ਤਰੇਗੀ
ਖ਼ੁਸ਼ੀਆਂ ਹਾਸਿਆਂ ਚਾਨਣਾਂ ਸੰਗ ਤੇਰੀ
ਦੇਹ ਭਰੇਗੀ
ਰੰਗ ਰਲੀਆਂ ਨਿਰਤ ਤੇ ਪਰੀਆਂ ਦੇ ਹੁਸਨ

ਦੀ ਮਹਿਫਲ
ਤੇਰੇ ਵਿਹੜੇ 'ਚ ਸੱਜੇਗੀ
ਦੀਵੇ ਸੂਰਜਾਂ ਦੇ ਤੇਰੀ ਦੁਨੀਆਂ 'ਚ ਧਰੇਗੀ
- o -
ਤੇਰੇ 'ਚੋਂ ਜ਼ਦ ਤੇਰੀ
ਇਕੱਲਤਾ ਕਰਵਟ ਲਏਗੀ
ਭੀੜਾਂ ਦਾ ਅਸਮਾਨ
ਮੇਲਿਆਂ ਦੀ ਰੌਣਕ ਤੇਰੀ ਤਲੀ ਧਰੇਗੀ
ਰਹਿਮਤਾਂ ਨਿਮਰਤਾ ਦਾ
ਤੇਰੇ ਤੇ ਮੀਂਹ ਵਰ੍ਹੇਗਾ
ਤੇਰੀ ਇਕੱਲਤਾ 'ਚੋਂ ਪ੍ਰਕਿਰਤੀ ਪੁੰਗਰੇਗੀ
ਨੂਰ ਸੰਗ ਭਰ ਜਾਵੇਗਾ ਤੂੰ ਤੇ ਤੇਰਾ ਦੁਆਲਾ
ਇਕੱਲਤਾ 'ਚੋਂ ਜਨਮਿਆ
ਜਦ ਰੌਣਕਾਂ ਦਾ ਉਜਾਲਾ
- o -
ਤੇਰੀ ਇਕਾਂਤ ਜਦ ਤੇਰੇ 'ਚ ਬੋਲੇਗੀ
ਦੁਆਰ ਗਤੀਆਂ ਰੌਣਕਾਂ ਤੇ ਹਲਚਲਾਂ
ਦੇ ਖੋਲ੍ਹੇਗੀ
ਤੇਰੀ ਇਕਾਂਤ 'ਚ ਅੰਬਰ ਦੀ ਮਹਿਫਲ ਉਤਰੇਗੀ
ਰਾਗ ਰਾਗਨੀਆਂ ਦੇ ਮੁਜੱਸਮੇਂ 'ਚ
ਸਰਸਵਤੀ ਤੇਰੀ ਆਰਤੀ ਉਤਾਰੇਗੀ
ਗੂੰਜਣਗੇ ਮੰਤਰਾਂ ਦੇ ਬੋਲ ਅੰਬਰ 'ਚ
ਉਤਰੇਗਾ ਅਕਾਸ਼ ਧਰਤੀ ਦੇ ਸੰਵਯਮਰ 'ਚ
ਨਵੀਂ ਦੁਲਹਨ ਵਾਂਗ ਜਦ ਧਰਤੀ ਸਜੇਗੀ
ਪਰੀ ਹੁਸਨਾਂ ਦੀ ਅੰਬਰ ਤੋਂ ਲੱਥੀ ਲਗੇਗੀ
ਤੇਰੇ ਮੱਥੇ ਤੇ ਸੂਰਜ ਜਗਣਗੇ
ਤੇਰੇ ਪਿੰਡੇ 'ਚੋਂ ਧਰਤੀ ਦੀ ਮਹਿਕ ਆਵੇਗੀ
ਤੇਰੇ 'ਚੋਂ ਜਦ ਤੇਰਾ ਧੁੰਧੂਕਾਰਾ ਛੱਟਿਆ

ਜੀਵਨ ਦਾ ਸਿਲਸਿਲਾ
ਤੇ ਕਾਰੋਬਾਰ ਨਜ਼ਰ ਆਵੇਗਾ
ਤੂੰ ਆਪੇ ਧਰਤ ਆਪੇ ਅੰਬਰ ਹੋ ਜਾਵੇਂਗਾ
ਤੂੰ ਆਪ ਦੁਲਹਨ ਆਪ ਦੂਲ੍ਹਾ
ਆਪ ਸੰਵਯਮਰ ਹੋ ਜਾਵੇਗਾ
ਤੂੰ ਆਪਣਾ ਆਪ ਤੱਕੇਂਗਾ
ਤਾਂ ਹੱਸੇਂਗਾ
ਇਸ ਇਕਾਂਤ ਦੀ ਰੌਣਕ 'ਚ ਤੂੰ
ਆਪਣੇ ਆਪ ਦਾ ਖ਼ੁਦਾ ਲਗੇਂਗਾ
- o -
ਮਿੱਟੀ ਦੇ ਬੁੱਤ ਉਦਾਸ ਨਾ ਹੋ
ਤੇਰੀ ਮਾਯੂਸੀ 'ਚੋਂ ਉਮੀਦ ਜਨਮੇਗੀ
ਹਿੰਮਤ ਦਾ ਅਗਾਜ਼ ਹੋਵੇਗਾ
ਚੜ੍ਹਦੇ ਸੂਰਜ ਦਾ
ਤੇਰੇ ਦਿਲ ਨੂੰ ਅਹਿਸਾਸ ਹੋਵੇਗਾ

## ਕਪਟੀ

ਉਹ ਜੋ ਆਖਦਾ ਬੋਲਦਾ
ਉਹ
ਉਹ ਨਹੀਂ ਸੀ
ਉਹ ਜੋ ਨਹੀਂ ਸੀ ਆਖਦਾ ਨਹੀਂ ਸੀ ਬੋਲਦਾ
ਉਹ
ਉਹ ਸੀ
ਉਹ ਆਪਣੇ ਆਪ 'ਚ ਨਸ਼ਰ ਸੀ
ਲੋਕਾਂ ਲਈ ਅਗਾਜ਼ ਤੇ ਮੌਤ ਦਾ ਹਸ਼ਰ ਸੀ
- o -
ਉਹ ਏਨਾ ਲੂੰਬੜ ਸੀ
ਕਿ ਜੋ ਕੁਝ ਉਸਨੂੰ ਕਹਿਣਾ ਚਾਹੀਦਾ ਸੀ
ਛੁਪਾਂਦਾ ਗਿਆ
ਜੋ ਛੁਪਾਉਣਾ ਚਾਹੀਦਾ ਸੀ
ਕਹਿੰਦਾ ਗਿਆ
ਆਪਣੇ ਸੱਚ ਦੁਆਲੇ ਝੂਠ ਬੁਣਦਾ ਗਿਆ
ਝੂਠ ਦੀਆਂ ਕੰਧਾਂ
ਉਸ ਇਨ੍ਹੀਆਂ ਉੱਚੀਆਂ ਉਸਾਰੀਆਂ
ਕਿ ਉਹ ਬਾਹਰ ਝਾਕ ਨਾ ਸਕਿਆ
ਆਪਣੇ ਦੁਆਲੇ ਫੈਲਦੇ ਹਨੇਰੇ ਦਾ
ਅੰਜ਼ਾਮ ਜਾਣ ਨਾ ਸਕਿਆ
- o -
ਉਹ ਆਪਣੇ ਦੁਆਲੇ
ਆਪਣੇ ਤੋਂ ਉੱਚਾ ਤੇ ਸੁੱਚਾ ਖੋਲ ਸਿਰਜਦਾ
ਉਸ ਖੋਲ 'ਚ
ਉਸਦਾ ਝੂਠ ਸੱਚ ਬਣਕੇ ਬੋਲਦਾ
ਜੋ ਸੁਣਨ ਵਾਲਿਆਂ ਦੀਆਂ ਅੱਖਾਂ 'ਚ
ਅੱਥਰੂ ਭਰ ਦਿੰਦਾ
ਤੇ ਹਿਰਦੇ ਮੋਮ ਕਰ ਦਿੰਦਾ
- o -

ਫਿਰ ਉਹ ਖੋਲ 'ਚੋਂ ਆਪਣੀ ਪੂਛਲ
ਦੂਜੇ ਦੇ ਲੱਕ ਦੁਆਲੇ ਲਪੇਟਦਾ
ਉਸਨੂੰ ਆਪਣਿਆਂ ਜਬਾੜਿਆਂ 'ਚ ਉਤਾਰਦਾ
ਸਬੂਤਾ ਮਾਨਵ ਨਿਗ਼ਲਣ ਤੋਂ ਬਾਅਦ
ਉਹ ਆਪਣੇ ਅੰਦਰਲੇ ਚੋਰ ਦਾ ਜਾਮਾ ਉਤਾਰਦਾ
ਸਾਧ ਦਾ ਰੂਪ ਧਾਰਦਾ
ਮੰਦਰਾਂ ਦਿਆ ਸੰਖਾਂ 'ਚ ਗੂੰਜਦਾ
ਆਰਤੀ ਦੀ ਸੁਗੰਧ ਹੋ ਜਾਂਦਾ
ਮਨੁੱਖਤਾ 'ਚ ਘੁਲਿਆ ਮਨੁੱਖ ਦਾ ਰੰਗ ਹੋ ਜਾਂਦਾ
ਇਸ ਤਰ੍ਹਾਂ
ਉਹ ਰੋਜ਼ ਆਪਣੀ ਕੁੰਜ ਉਤਾਰਦਾ
ਨਵਾਂ ਰੂਪ ਧਾਰਦਾ
- o -
ਘਰਾਂ ਦੇ ਘਰ ਪਿੰਡਾਂ ਦੇ ਪਿੰਡ
ਸ਼ਹਿਰਾਂ ਦੇ ਸ਼ਹਿਰ ਉਹ ਨਿਗਲ ਗਿਆ
ਕਬਰਾਂ ਬੀਜਦਾ ਗਿਆ
ਸ਼ਮਸ਼ਾਨ ਉਗਾਂਦਾ ਗਿਆ
ਉਹ ਜਿੱਥੇ ਵੀ ਰਿਹਾ ਜਿੱਥੇ ਵੀ ਗਿਆ
- o -
ਇਕ ਦਿਨ
ਉਸ ਦੀ ਕੁੰਜ ਨੇ ਉਸਦੀ ਦੇਹ
ਤਿਆਗਣ ਤੋਂ ਇਨਕਾਰ ਕਰ ਦਿੱਤਾ
ਤੇ ਆਪਣਾ ਸ਼ਮਸ਼ਾਨ
ਉਸ ਦੀ ਦੇਹ 'ਚ ਧਰ ਦਿੱਤਾ
ਉਸ ਦੀ ਦੇਹ ਦੇ ਸ਼ਮਸ਼ਾਨ 'ਚੋਂ
ਮੁਰਦੇ ਉੱਠ ਖਲੋਏ
ਜੋ ਉਹ ਆਖਦਾ ਸੀ ਬੋਲਦਾ ਸੀ
ਉਨ੍ਹਾਂ ਸ਼ਬਦਾਂ ਦੇ ਮੁਰਦੇ

ਅਰਥ ਹੋਏ
ਢਾਲਾਂ ਤਲਵਾਰਾਂ ਤੀਰਾਂ ਦੇ ਸ਼ੋਰ ਹੇਠ
ਉਹ ਘਿਰ ਗਿਆ
ਦੂਜਿਆਂ ਲਈ ਹਨੇਰੇ ਬੀਜਦਾ ਸੀ
ਆਪਣੇ ਹਨੇਰੇ ਖੂਹ 'ਚ ਹੀ ਘਿਰ ਗਿਆ
- 0 -
ਹਨੇਰੇ ਦੇ ਢੇਰ ਹੇਠ ਆ ਗਿਆ
ਢੇਰੇ 'ਚੋਂ ਪੱਤ ਵਿਹੂਣਾ ਸੁੱਕਾ ਰੁੱਖ ਉੱਗ ਪਿਆ
ਜੋ ਆਖਦਾ ਵੀ ਚੁੱਪ ਸੀ
ਬੋਲਦਾ ਵੀ ਚੁੱਪ ਸੀ
ਸੋਚਦਾ ਵੀ ਚੁੱਪ ਸੀ, ਵੇਖਦਾ ਵੀ ਚੁੱਪ ਸੀ
ਰੁੱਖ ਚੁੱਪ ਆਪਣੇ ਪਿੰਡੇ ਤੋਂ ਉਤਾਰਦਾ
ਤੇ ਚੁੱਪ 'ਚੋਂ ਹੀ ਆਪਣਾ ਪਿੰਡਾ ਉਸਾਰਦਾ
ਪੰਛੀਆਂ ਦੀਆਂ ਬਿੱਠਾ ਨਾਲ ਭਰਿਆ
ਰੁੱਖ ਦਾ ਸਰੀਰ ਸੀ
ਸੱਚ ਦੇ ਫ਼ਰੇਮ 'ਚ ਲਟਕਦੀ ਝੂਠ ਦੀ ਤਸਵੀਰ ਸੀ
- 0 -
ਉਹ ਜੋ ਆਖਦਾ ਬੋਲਦਾ
ਉਹ
ਉਹ ਨਹੀਂ ਸੀ
ਉਹ ਜੋ ਨਹੀਂ ਸੀ ਆਖਦਾ, ਨਹੀਂ ਸੀ ਬੋਲਦਾ
ਉਹ
ਉਹ ਸੀ
ਉਹ ਆਪਣੇ ਆਪ 'ਚ ਨਸ਼ਰ ਸੀ
ਲੋਕਾਂ ਲਈ ਆਗਾਜ਼
ਤੇ ਮੌਤ ਦਾ ਹਸ਼ਰ ਸੀ

## ਸਭਿਅਕ ਲੋਕ

ਮੈਂ ਕਿਸ ਸ਼ਹਿਰ 'ਚ ਆ ਗਿਆਂ
ਜਿੱਥੇ ਮੇਰਾ ਸਾਇਆ ਵੀ ਪਰਾਇਆ ਹੈ
ਨਾ ਕੋਈ ਘਰ ਹੈ ਮੇਰਾ ਨਾ ਕੋਈ ਥਾਂ ਹੈ ਮੇਰੀ
ਨਾਂ ਵਜੂਦ ਹੈ ਮੇਰਾ ਨਾ ਨਾਂ ਹੈ ਮੇਰਾ
- O -
ਇਸ ਸ਼ਹਿਰ ਦੇ ਲੋਕਾਂ ਨੇ
ਆਪਣੇ ਸਾਏ ਆਪਣੀ ਦੇਹ 'ਚ
ਦਫ਼ਨਾ ਲਏ ਹਨ
ਇਹ ਸਾਇਆਂ ਬਿਨ ਜਿਉਂਦੇ ਹਨ
ਆਪਣੀ ਪਹਿਚਾਣ ਤੋਂ ਅਜ਼ਨਬੀ ਹਨ
ਆਪਣਾ ਸਿਰ ਭੁੱਲ ਗਏ ਹਨ
ਪੈਰਾਂ 'ਚ ਹੀ ਗੁੰਮ ਗਏ ਹਨ
ਆਪਣੀ ਪ੍ਰਕਰਮਾਂ ਦੇ ਆਦੀ ਹੋ ਗਏ ਹਨ
ਸ਼ਹਿਰ ਦੀਆਂ ਮੁਰਦਾ ਲਾਸ਼ਾਂ ਦੀ ਅਬਾਦੀ ਹੋ ਗਏ ਹਨ
- O -
ਇਨ੍ਹਾਂ ਦੇ ਘਰਾਂ 'ਚ ਚੁੱਲ੍ਹੇ ਨਹੀਂ ਬਲਦੇ
ਅੰਨ੍ਹ ਦੀ ਖੁਸ਼ਬੂ ਮਰ ਗਈ ਹੈ
ਇਨ੍ਹਾਂ ਦੀਆਂ ਫਰਿਜਾਂ 'ਚ ਪਾਣੀ ਉਬਲਦਾ ਹੈ
ਇਨ੍ਹਾਂ ਦੀ ਭੁੱਖ ਰੈਸਟੋਰਾਂ ਨੂੰ ਲਗਦੀ ਹੈ
ਇਨ੍ਹਾਂ ਦੇ ਬੱਚਿਆਂ ਦੀ ਮਾਂ
ਬੇਬੀ ਸਿਟਰ ਹੈ
ਇਹ ਇੱਕ ਛੱਤ ਹੇਠ ਰਹਿੰਦੇ ਵੀ
ਆਪਣੇ ਆਪਣੇ ਸੱਚ ਦਾ
ਭਰਮ ਜਿਉਂਦੇ ਹਨ
ਦੂਜੇ ਦੇ ਸੱਚ ਤੋ ਨਾਵਾਕਿਫ਼ ਹੀ ਮਰਦੇ ਹਨ
ਆਪਣੀਆਂ ਮਨਫ਼ੀਆਂ ਦਾ ਇਲਜ਼ਾਮ
ਜਮ੍ਹਾਂ 'ਤੇ ਧਰਦੇ ਹਨ
- O -
ਇਨ੍ਹਾਂ ਦੀ ਸੋਚ ਤਨਹਾਈ ਹੈ
ਇਹ ਨਿੱਜੀ ਅਪਰਗਟਤਾ ਦੇ ਹਾਮੀ ਹਨ

ਪਲਾਸਟਕ ਤੇ ਲੋਹੇ ਦੇ ਇਨ੍ਹਾਂ ਦੇ ਅੰਗ
ਦੇਹ ਦੇ ਪ੍ਰਾਣ ਜਿਉਂਦੇ ਹਨ
ਪ੍ਰਕਿਰਤੀ ਤੋਂ ਦੂਰ ਪਲਾਸਟਕ ਦੀ
ਪ੍ਰਕਿਰਤੀ ਹੰਢਾਉਂਦੇ ਹਨ
ਨਕਲੀ ਸਿਰਜੀ ਪ੍ਰਕਿਰਤੀ 'ਚੋਂ
ਪ੍ਰਕਿਰਤੀ ਦੇ ਅਸਲ ਸੱਚ ਦਾ
ਭਰਮ ਪਾਲਦੇ ਹਨ
ਇਹ ਲੋਕ ਜਿਉਂਦੇ ਜੀਅ ਹੀ
ਆਪਣਾ ਆਪਾ ਮਾਰਦੇ ਹਨ
- O -
ਮਾਵਾਂ ਨੂੰ ਆਪਣੇ ਬੱਚਿਆਂ ਦੇ
ਪਿਉ ਦਾ ਪਤਾ ਨਹੀਂ
ਮਮਤਾ ਬੱਚਿਆਂ ਲਈ ਬਾਪ ਦੇ
ਨਾਮ ਲਈ ਡੀ.ਐਨ.ਏ ਫੈਸਟ ਦੀ ਮੁਥਾਜ਼ ਹੈ
ਨਾ ਪਤੀ ਨੂੰ ਪਤਨੀ
ਨਾ ਪਤਨੀ ਨੂੰ ਪਤੀ ਰਾਸ ਹੈ
ਪਿਉਆਂ ਦੀਆਂ ਸੇਜਾਂ ਤੇ
ਧੀਆਂ ਦਾ ਨੰਗਾ ਜਿਸਮ ਕਰਵਟਾਂ ਬਦਲਦਾ ਹੈ
ਪਤੀ ਦੇ ਦੋਸਤਾਂ ਨਾਲ ਭਰਾਵਾਂ ਨਾਲ
ਪਤਨੀ ਦੀ ਗੁਪਤ ਲਿੰਗ ਸਾਂਝ ਹੈ
ਭੈਣ ਭਰਾ ਦੇ ਰਿਸ਼ਤੇ ਦੀ ਕਾਮ ਲੜੀ ਹੈ
ਮਰਦਾਨਾ ਹੁਕਰਾਂ ਦੀ ਬਜ਼ਾਰਾਂ 'ਚ ਝੜੀ ਹੈ
ਇਹ ਸਭਿਅਕ ਲੋਕਾਂ ਦੀ ਤਹਿਜ਼ੀਬ ਹੈ
ਉੱਚ ਸ਼੍ਰੇਣੀ ਦੀ ਮਰ ਗਈ ਜ਼ਮੀਰ ਹੈ
ਇਸ਼ ਸ਼ਹਿਰ ਦਾ ਹਰ ਸ਼ਖ਼ਸ ਬੀਮਾਰ ਹੈ
ਅਪਾਹਜ ਹੈ
ਪੱਥਰਾਂ ਦੀ ਸੁਰ ਹੈ ਥੇਹਾਂ ਤੇ ਖੰਡਰਾਂ ਦਾ ਸਾਜ਼ ਹੈ
- O -
ਇਹ ਲੋਕ ਸ਼ੀਸ਼ੇ ਦੇ ਘਰਾਂ 'ਚ ਰਹਿੰਦੇ ਹਨ
ਸਵੈ ਗੁਲਾਮੀ ਦੇ ਆਦੀ ਹੋ ਗਏ ਹਨ

ਆਪਣਾ ਪ੍ਰਵਾਜ਼ ਭੁੱਲ ਗਏ ਹਨ
ਆਪਣੇ ਖੰਭ ਗੁਆ ਬੈਠੇ ਹਨ
ਸੁੰਤਤਰਤਾ ਦਾ ਭਰਮ ਜਿਉਂਦੇ ਹਨ
ਪਲ ਪਲ ਮਰਦੇ ਹਨ
ਉਂਦਾਰੇ ਚਾਨਣ ਦੇ ਬਲ ਤੇ
ਜ਼ਿੰਦਗੀ ਦਾ ਹਨੇਰ ਤਰਦੇ ਹਨ

- O -

ਸ਼ੀਸ਼ੇ ਦੇ ਘਰਾਂ 'ਚੋਂ ਬਾਹਰੋਂ ਅੰਦਰ
ਅੰਦਰੋਂ ਬਾਹਰ ਵੇਖਿਆ ਜਾ ਸਕਦਾ ਹੈ
ਪਰ ਸ਼ੀਸ਼ੇ ਦੇ ਘਰਾਂ 'ਚ ਵਸਦੇ ਲੋਕ
ਨਾ ਦੂਜੇ ਦੇ ਜਿਸਮ 'ਚ ਝਾਕਦੇ ਹਨ
ਨਾ ਆਪਣੇ ਜਿਸਮ 'ਚ ਝਾਕਣ ਦੀ
ਇਜਾਜ਼ਤ ਦਿੰਦੇ ਹਨ
ਆਪਣੇ ਆਪ ਦੀ ਗੁਲਾਮੀ ਦੀ ਦੁਨੀਆਂ 'ਚ
ਰਹਿੰਦੇ ਹਨ
ਆਪਣੀ ਆਪਣੀ ਕਬਰ ਦਾ ਪਿੰਡਾ ਤਰਦੇ ਹਨ

- O -

ਇਹ ਲੋਕ ਜੋ ਸ਼ੀਸ਼ੇ ਦੇ ਸ਼ਹਿਰ
ਦੀਆਂ ਸੜਕਾਂ ਤੇ ਨਿਕਲਦੇ ਹਨ
ਸ਼ੀਸ਼ੇ ਦੇ ਵਜੂਦ ਵਾਂਗ ਪਾਰਦਰਸ਼ੀ ਲਗਦੇ ਹਨ
ਹੱਸਦੀਆਂ ਅੱਖਾਂ ਮੁਸਕਰਾਉਂਦੇ ਚਿਹਰੇ
ਸਭ ਮਾਖੌਟੇ ਹਨ
ਇਹ ਲੋਕ ਦਿਲਾਂ ਦੇ ਕੋਰੇ ਹਨ
ਸਭ ਦੀਆਂ ਆਪਣੀਆਂ ਆਪਣੀਆਂ ਹੱਦਾਂ ਹਨ
ਸਰਹੱਦਾਂ ਹਨ
ਇਕ ਦੂਜੇ ਨੂੰ ਮਿਲਣਾ
ਦਿਸਹੱਦੇ ਦਾ ਭਰਮ ਹੈ
ਇਹ ਆਪਣੇ ਆਪ 'ਚ
ਇਨੇ ਤਕਸੀਮੇ ਪਏ ਹਨ
ਜਿਵੇਂ ਇਕ ਬਿਨਾ

ਮੁਰਦੇ ਸਿਫਰੇ ਪਏ ਹਨ
- 0 -
ਇਨ੍ਹਾਂ ਨੂੰ
ਆਪਣੀ ਟੁੱਟ ਭੱਜ ਤੇ ਭੁਰਨ ਦਾ
ਏਨਾ ਡਰ ਹੈ
ਕਿ ਇਹ ਜੀਵਨ ਘੱਟ ਜਿਉਂਦੇ ਹਨ
ਆਪਣੇ ਪਹਿਰੇਦਾਰ ਵਧੇਰੇ ਹਨ
ਇਨ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਰਾਤਾਂ ਹਨ
ਲਘੂ ਸਵੇਰੇ ਹਨ
ਇਹ ਇਕ ਦਿਨ 'ਚ ਹੀ
ਮਾਇਆ ਦੀ ਐਵਰਿਸਟ
ਫਤਹਿ ਕਰਨਾ ਚਾਹੁੰਦੇ ਹਨ
ਸਮੇਂ ਦੀ ਦੌੜ 'ਚ ਇਨਾਂ ਗੁਆਚ ਗਏ ਹਨ
ਕਿ
ਆਪਣੇ ਅੰਦਰਵਲ ਖੁੱਲ੍ਹਦਾ ਦਰਵਾਜ਼ਾ
ਭੁੱਲ ਗਏ ਹਨ
ਸੱਚ ਤੋਂ ਦੂਰ ਹੋ ਗਏ ਹਨ
ਝੂਠੀ ਸ਼ਾਨੋਂ ਸ਼ੌਕਤ ਤੇ ਡੁੱਲ੍ਹ ਗਏ ਹਨ
ਇਨ੍ਹਾਂ ਦਾ ਸੱਚ ਪਿੱਛੇ ਰਹਿ ਗਿਆ ਹੈ
ਇਹ ਮਾਇਆ ਦੇ ਪਿੱਛੇ ਦੌੜਦੇ ਹਨ
ਆਪਣਾ ਸਾਇਆ
ਆਪਣੀ ਦੇਹ 'ਚ ਦਫਨਾ ਕੇ
ਸਾਏ ਦਾ ਸੱਚ ਭਾਲਦੇ ਹਨ
- 0 -
ਮੈਂ ਕਿਸ ਸ਼ਹਿਰ 'ਚ ਆ ਗਿਆਂ
ਜਿੱਥੇ ਮੇਰਾ ਸਾਇਆ ਵੀ ਪਰਾਇਆ ਹੈ
ਨਾ ਕੋਈ ਘਰ ਹੈ ਮੇਰਾ ਨਾ ਕੋਈ ਥਾਂ ਹੈ ਮੇਰੀ
ਨਾ ਵਜੂਦ ਹੈ ਮੇਰਾ ਨਾ ਨਾਂ ਹੈ ਮੇਰਾ

# ਮੈਂ ਆਖਿਆ ਆਪਣੇ ਆਪ ਨੂੰ

ਮੇਰੇ ਅੰਗਾਂ ਨਕਸ਼ਾਂ ਚਿਹਰੇ ਵੱਲ ਨਾ ਜਾ
ਸੜਦੀ ਧੁੱਪ 'ਚ ਚਿਹਰਾ ਮੁਰਝਾ ਨਹੀਂ ਸਕਦਾ
ਅੰਗ ਨਕਸ਼ ਪਿੱਘਲ ਨਹੀਂ ਸਕਦੇ
ਹੁਸਨ ਨੂੰ ਲਾਏ ਚਾਰ ਚੰਨ ਵੀ
ਇਸ਼ਕ ਨੂੰ ਭਰਮਾ ਨਹੀਂ ਸਕਦੇ
ਮੈਂ ਆਖਿਆ ਆਪਣੇ ਆਪ ਨੂੰ
- o -
ਮੈਂ ਆਖਿਆ ਆਪਣੇ ਆਪ ਨੂੰ
ਉਹ ਚੋਰੀ ਇਹ ਸੁਣਦੇ
ਤੇ ਇਕ ਦਿਨ
ਸੱਜਰੇ ਮੌਸਮ ਵਾਂਗ ਨਵਜਮੀ ਬਹਾਰ ਵਾਂਗ
ਚਾਰ ਚੰਨ ਲਾ ਅੱਖਾਂ ਮੱਟਕਾਉਂਦੀ ਹੋਈ
ਮੇਰੇ ਸਾਵੇਂ ਆ ਖੜੀ ਹੋਈ
ਮੇਰੇ ਨੈਣਾਂ 'ਚ ਝਾਕਦੀ
ਮੇਰੇ ਦਿਲ 'ਚ ਉਤਰਦੀ
ਮੇਰੇ ਨਕਸ਼ਾਂ 'ਚ ਢਲਦੀ
ਮੇਰੇ ਲਹੂ 'ਚ ਗਿੜਦੀ
ਮੇਰੇ ਪ੍ਰਾਣਾਂ 'ਚ ਵਸਦੀ
ਬਾਲ ਕੇ ਹੁਸਨ ਦੇ ਦੀਵੇ
ਮੇਰੇ ਦਿਲ 'ਚੋਂ ਕਫੂਰ ਹੋ ਗਈ
ਉਹ ਪਰੀ ਜੋ ਉਤਰੀ ਸੀ ਅੰਬਰ ਤੋਂ
ਮੇਰੇ ਦਿਲ ਦੀ ਧਰਤੀ ਤੋਂ ਦੂਰ ਹੋ ਗਈ
- o -
ਮੈਂ ਆਪਣੀ ਧਰਤੀ ਤੇ ਖੜਾ ਸੀ
ਨਕਸ਼ ਅੰਗ ਤੇ ਸਾਲਮ ਚਿਹਰਾ
ਨਦੀਆਂ ਦੇ ਪਿੱਛੇ ਲੱਗਾ ਦਰਿਆ ਨਹੀਂ ਸੀ
ਉਹ ਮੰਜ਼ਿਲ ਨਹੀਂ ਸੀ ਮੇਰੀ
ਮੈਂ ਉਸਦਾ ਰਾਹ ਨਹੀਂ ਸਾਂ
- o -

ਦੂਜੀ ਵਾਰ
ਉਹ ਫਿਰ ਮੇਰੇ ਸਾਵੇਂ ਆ ਖੜੀ ਹੋਈ
ਇਸ ਵਾਰ ਮੇਰੇ 'ਚ ਉੱਤਰੀ ਨਹੀਂ
ਮੈਨੂੰ ਆਪਣੇ 'ਚ ਉਤਾਰਦੀ ਗਈ
ਕਦੀ ਅੱਖਾਂ 'ਚ ਵਸਾਦੀ ਗਈ
ਕਦੀ ਪੱਲਕਾਂ ਤੇ ਬਿਠਾਈ ਗਈ
ਕਦੀ ਆਪਣੀ ਮਹਿਕ 'ਚ ਮੈਨੂੰ ਘੋਲਦੀ
ਕਦੀ ਮੇਰੇ ਕੰਠ 'ਚੋਂ ਬੋਲਦੀ
ਕਦੀ ਆਪਣੇ ਦਿਲ ਦੀ ਧੜਕਣ 'ਚ ਵਸਾ ਲੈਂਦੀ
ਆਪਣੇ ਹੁਸਨ ਦੇ ਨੂਰ ਦੀ
ਚਾਦਰ ਦੁਆਲੇ ਓੜਦੀ
ਆਪਣੇ ਸਾਹਾਂ ਦੀ ਗਰਮੀ 'ਚ ਮੈਨੂੰ ਢਾਲਦੀ
ਕਦੀ ਮੇਰੀ ਠੰਡ 'ਚ ਉਬਲਦੀ
ਕਦੀ ਆਪਣੀ ਠੰਡ 'ਚ ਮੈਨੂੰ ਉਬਾਲਦੀ
ਕਦੀ ਮੇਰੇ ਲਈ ਉਹ ਧੁੱਪ ਸਿਆਲ ਦੀ
ਕਦੀ ਗਰਮੀਆਂ 'ਚ
ਬਣਕੇ ਹਵਾ ਦਾ ਬੁੱਲਾ ਮੈਨੂੰ ਠਾਰਦੀ
- 0 -
ਜਦੋਂ ਉਸ ਮੈਨੂੰ ਸਾਰੇ ਦਾ ਸਾਰਾ
ਆਪਣੇ 'ਚ ਉਤਾਰਿਆ
ਮੈਂ ਉਸਦੇ ਕੰਠ 'ਚੋਂ ਪੁਕਾਰਿਆ
ਜਦੋਂ ਪਹਿਲਾਂ ਤੁਸੀਂ ਆਏ
ਮੇਰੇ 'ਚ ਢਲ ਗਏ
ਜਦੋਂ ਫਿਰ ਤੁਸੀਂ ਆਏ
ਮੈਂ ਤੁਹਾਨੂੰ ਆਪਣਾ ਪਤਾ ਠਿਕਾਣਾ
ਨਾ ਦਸਿਆ
ਤੁਸੀਂ ਪਹਿਲਾਂ ਵੀ ਦੁਬਾਰਾ ਵੀ
ਮੇਰੇ ਤੋਂ ਅਣਜਾਣ ਹੀ ਰਹੇ
- 0 -
ਨਾ ਮੇਰੇ ਅੰਗ ਨਾ ਨਕਸ਼ ਹੀ ਪਿਘਲੇ

ਨਾ ਚਿਹਰਾ ਹੀ ਮੁਰਜਾਇਆ
ਨਾ ਤੁਸੀਂ ਮੇਰੇ ਵੱਲ ਕਦਮ ਹੀ ਪੁੱਟਿਆ
ਨਾ ਮੈਂ ਤੁਹਾਡੇ ਕੋਲ ਹੀ ਆਇਆਂ
ਜ਼ਿੰਮੀਂ ਜ਼ਿੰਮੀਂ ਹੀ ਰਹੀ
ਅਸਮਾਨ ਅਸਮਾਨ ਹੀ ਰਿਹਾ
ਮੈਂ ਜੋ ਕੁਝ ਵੀ ਕਿਹਾ
ਆਪਣੇ ਆਪ ਨੂੰ ਕਿਹਾ
- 0 -
ਤੁਸੀਂ ਜੋ ਸੁਣਿਆ
ਉਸਨੂੰ ਆਪਣੇ ਹੁਸਨ ਦਾ ਅਭਿਮਾਨ
ਬਣਾ ਲਿਆ
ਇਕ ਨਦੀ ਨੇ ਆਪਣੇ
ਆਪ ਨੂੰ ਇਨਾਂ ਸ਼ਿਗਾਰਿਆ
ਕਿ ਦਰਿਆ ਨੂੰ ਪਿੱਛੇ ਲਾਉਣ ਦਾ
ਸਮਾਨ ਬਣਾ ਲਿਆ
ਸ਼ਿੰਗਾਰ ਤੋਂ ਬਿਨਾਂ
ਜੇ ਨਦੀ ਦਰਿਆ ਵੱਲ ਭਰਕੇ
ਇਕ ਨਜ਼ਰ ਵੇਖਦੀ
ਆਪਣੇ ਪਿੰਡੇ 'ਚੋਂ ਦਰਿਆ ਦਾ
ਨਿੱਘ ਸੇਕਦੀ
- 0 -
ਤੂੰ ਜੇ ਮੇਰੇ ਅੰਗਾਂ ਨਕਸ਼ਾਂ ਤੇ ਚਿਹਰੇ ਨੂੰ
ਢਾਲਣ ਦਾ ਅਭਿਮਾਨ
ਆਪਣੇ 'ਚੋਂ ਉਤਾਰ ਦੀ
ਮੇਰੇ ਇਸ਼ਕ ਲਈ ਆਪਣੇ ਸ਼ਿੰਗਾਰ
ਦਾ ਸਬੱਬ ਨਾ ਕਰਦੀ
ਪਿਆਰ ਦੀ ਕੁਦਰਤੀ ਇਕ ਨਜ਼ਰ ਮੇਰੇ 'ਚ ਉਤਾਰਦੀ
ਆਪਣੇ ਦਿਲ 'ਚੋਂ ਮੈਨੂੰ ਪੁਕਾਰਦੀ
ਮੈਂ ਮੀਂਹ ਵਾਂਗ ਤੇਰੇ ਤੇ ਵਰ੍ਹ ਜਾਂਦਾ
ਔੜਾਂ ਦੀ ਮਾਰੀ ਧਰਤ ਨੂੰ ਜਲ ਥਲ ਕਰ ਜਾਂਦਾ

# ਰੂਹ ਤੇ ਬਸਤਰ

ਮੈਂ ਆਪਣੇ ਆਪ 'ਚ
ਕਿਸ ਤਰ੍ਹਾਂ ਪਰਤਾਂ
ਮੈਂ ਤੇ ਆਪਣੇ ਆਪ ਨਾਲ ਰੁੱਸਕੇ
ਆਇਆ ਹਾਂ
ਲੜਕੇ ਆਇਆ ਹਾਂ
- o -
ਬਾਹਰਲਾ ਸਮੁੰਦਰ ਰਿੜਕਣ ਤੇ
ਨਿਕਲਿਆ ਕੁਝ ਵੀ ਨਹੀਂ
ਨਾ ਵਿਸ਼ ਹੀ ਨਾ ਅੰਮ੍ਰਿਤ ਹੀ
ਮੈਂ
ਤਿੜਕਿਆ ਚਿਹਰਾ
ਭੁਰ ਗਏ ਅੰਗਾਂ ਤੇ ਨਕਸ਼ਾਂ ਦਾ ਵਾਜੂਦ
ਬਣਕੇ ਰਹਿ ਗਿਆ
ਮੈਂ ਆਪਣੀ ਰੂਹ ਦੀ ਨਗਰੀ 'ਚ
ਮੁਰਦਾ ਕਲਬੂਤ ਬਣ ਕੇ ਰਹਿ ਗਿਆ
- o -
ਮੈਂ ਅੰਗਹੀਣ ਤਿੜਕਿਆ ਚਿਹਰਾ ਲੈ
ਜੇ ਆਪਣੇ ਆਪ 'ਚ ਪਰਤਾਂ
ਤਾਂ ਕੋਣ ਸਿਆਣੇਗਾ ਮੈਨੂੰ
ਕੌਣ ਪਹਿਚਾਣੇਗਾ ਮੈਨੂੰ
ਮੈਂ ਆਪੇ ਦੀ ਦੇਹ ਦੀਆਂ ਕੰਧਾਂ
ਦਰਵਾਜ਼ੇ ਰੋਸ਼ਨਦਾਨ ਤੇ ਖਿੜਕੀਆਂ ਲਈ
ਅਜ਼ਨਬੀ ਹੋ ਗਿਆ ਹਾਂ
ਮੈਂ ਆਪਾ ਤਿਆਗ ਕੇ
ਸੱਚ ਭਾਲਦਾ ਭਾਲਦਾ
ਆਪਣੇ 'ਚ ਹੀ ਖੋਹ ਗਿਆ ਹਾਂ
ਹੁਣ ਮੈਂ ਆਪਣੇ ਜੋਗਾ ਹੀ ਰਹਿ ਗਿਆ ਹਾਂ
ਆਪਣੀ ਦੇਹ 'ਚ ਬਹਿ ਕੇ
ਆਪਣੇ ਜ਼ਖ਼ਮ ਧੋਂਦਾ ਰਹਿ ਗਿਆ ਹਾਂ
- o -

ਕਿਵੇ ਦੱਸਾਂਗਾ ਆਪਣੇ ਆਪ ਨੂੰ
ਕਿ ਮੈਂ ਅੰਗ ਹਾਂ ਤੇਰਾ ਲਹੂ ਹਾਂ ਰੰਗ ਹਾਂ ਤੇਰਾ
ਤੇਰੇ ਦਰੋ ਦੀਵਾਰ 'ਚ
ਮੇਰੀ ਖੁਸ਼ਬੂ ਵਸਦੀ ਹੈ
ਤੇਰੇ ਵਿਹੜੇ 'ਚ ਮੇਰੀ ਛਾਂ ਦੇ ਪ੍ਰਛਾਵੇਂ ਹਨ
ਤੇਰੀ ਦੇਹ 'ਚ ਜਿਉਂਦਾ ਜਾਗਦਾ
ਅਜੇ ਵੀ ਨਾੜੂ ਹੈ ਮੇਰਾ
ਜਿੱਥੇ ਤੂੰ ਤੇ
ਮੈਂ ਹਾਂ ਵਿਚਾਲੇ ਕੋਈ ਨਹੀਂ
ਨਾ ਕਹਿਣ ਨੂੰ ਨਾ ਸੁਣਨ ਨੂੰ
- o -
ਤੇਰੇ ਤੇ ਮੇਰੇ ਵਿਚਕਾਰ ਨਾੜੂ ਦੀ ਸਾਂਝ ਹੈ
ਤੂੰ ਸੱਚ ਦਸ
ਜਦੋਂ ਮੈਂ ਤੇਰੇ ਵਿਚ ਸਾਂ
ਤੂੰ ਕਿੰਨਾ ਕੋਲ ਸੈਂ ਮੇਰੇ
ਤੂੰ ਕਿੰਨਾ ਦੂਰ ਸੈਂ ਮੇਰੇ
ਤੇਰੇ ਮੇਰੇ ਵਿਚਕਾਰ ਕਾਹਦੀ ਵਿੱਥ ਸੀ
ਜੋ ਮੈਂ ਤੇਰੇ 'ਚੋਂ ਬਨਵਾਸੀ ਹੋ ਗਿਆ
ਅਜ਼ਨਬੀ ਤੇ ਪ੍ਰਵਾਸੀ ਹੋ ਗਿਆ
- o -
ਆਪਾ ਬੋਲਿਆ
ਤੂੰ ਮੇਰੇ 'ਚ ਸੈਂ ਮੈਂ ਤੇਰਾ ਅਕਾਰ ਸਾਂ
ਤੂੰ ਮੇਰਾ ਅੰਦਰ ਸੈਂ ਮੈਂ ਤੇਰਾ ਬਾਹਰ ਸਾਂ
ਮੈਂ ਆਪਣੇ ਦੁਆਲੇ ਵਿਚਰਦਾ ਸਭ ਕੁਝ
ਨਾੜੂ ਰਾਹੀਂ
ਤੇਰੀ ਨਜ਼ਰ ਦੀ ਭੇਟ ਕਰਦਾ ਰਿਹਾ
ਦੁਆਲੇ ਦਾ ਸੱਚ ਤੇ ਝੂਠ ਤੇਰੀ ਤਲੀ ਤੇ ਧਰਦਾ ਰਿਹਾ
- o -

ਪਰ ਤੇਰੀ ਨਜ਼ਰ
ਆਲਣੇ ਦੇ ਬੋਟ ਵਾਂਗ ਆਪਾ ਤਿਆਗ
ਅਕਾਸ਼ਾਂ 'ਚ ਉੱਡਣਾ ਚਾਹੁੰਦੀ ਸੀ
ਬਾਹਰ ਦਾ
ਸੱਚ ਵੇਖਣਾ ਤੇ ਹੰਢਾਉਣਾ ਚਾਹੁੰਦੀ ਸੀ
ਆਪਣਾ ਸੱਚ ਪਾਉਣਾ ਚਾਹੁੰਦੀ ਸੀ
ਤੇਰੀ ਨਜ਼ਰ ਨੂੰ ਮੇਰੀ ਭੇਟ ਤੇ ਸ਼ੰਕਾ ਸੀ
ਆਪਣਾ ਸ਼ੰਕਾ ਮਿਟਾਉਣਾ ਚਾਹੁੰਦੀ ਸੀ
ਇਹ ਸਭ ਕੁਝ ਜਾਣਨ ਲਈ
ਤੂੰ ਮੇਰੇ ਨਾਲ ਰੁੱਸ ਗਿਆ
ਮੇਰੇ ਤੋਂ ਬਨਵਾਸੀ ਹੋ ਗਿਆ
ਅਜ਼ਨਬੀ ਤੇ ਪ੍ਰਵਾਸੀ ਹੋ ਗਿਆ
- o -
ਹੁਣ ਤੂੰ ਬਾਹਰਲਾ ਸਮੁੰਦਰ
ਰਿੜਕਿਆ ਹੈ
ਤੇ ਤੈਨੂੰ ਕੁਝ ਵੀ ਨਜ਼ਰ ਨਹੀਂ ਆਇਆ
ਇਸ ਸਫ਼ਰ 'ਚ
ਤੇਰਾ ਚਿਹਰਾ ਮੇਰੇ 'ਚੋਂ ਕਿਰਦਾ ਗਿਆ
ਤੇਰੀ ਹੋਂਦ ਦਾ ਅਹਿਸਾਸ ਮਿਟਦਾ ਗਿਆ
ਤੇ ਮੈਂ
ਆਪਣੇ ਅੰਦਰ ਤੋਂ ਖਾਲੀ ਹੋ ਗਿਆ
ਕੋਈ ਹੋਰ ਅੰਦਰ ਦਾ ਪੰਖੇਰੂ
ਮੇਰੇ ਖੋਲ 'ਚ ਆ ਵਸ ਗਿਆ
ਮੇਰੇ ਕਲਬੂਤ 'ਚ ਰੂਹ ਫੂਕ ਗਿਆ
ਪ੍ਰਾਣ ਧਰ ਗਿਆ
ਮੇਰੇ ਕਲਬੂਤ ਨੂੰ ਅਪਨਾ ਲਿਆ
ਬਾਹਰਲਾ ਸੱਚ ਰਿੜਕਿਆ
ਅੰਦਰਲਾ ਸੱਚ ਪਾ ਲਿਆ
- o -

ਤੂੰ ਵੀ ਆਪਣੇ ਅੰਦਰ ਚੋਂ ਆਪਾ ਉੱਗਾ
ਤੇ ਆਪਣੇ ਆਪੇ 'ਚ ਉਤਰ ਜਾ
ਆਪਣੇ ਆਪ ਦਾ ਨਾੜੂ
ਆਪਣੀ ਧੁੰਨੀ ਨੂੰ ਲਾ
ਆਪਣੀ ਹੋਂਦ ਦਾ ਸੱਚ ਹੰਢਾ
ਆਪਣੇ ਅੰਦਰ 'ਚੋਂ
ਆਪਣੇ ਖੋਲ ਦੇ ਵਿਚ ਬਦਲ ਜਾ
- O -
ਆਪੇ ਤੇ ਅੰਦਰ ਤੋਂ ਬਾਹਰ
ਜ਼ਿੰਦਗੀ ਦਾ ਵਿਸਥਾਰ ਹੈ
ਜ਼ਿੰਦਗੀ ਆਪੇ ਤੇ ਅੰਦਰ ਤੇ ਆਰ ਪਾਰ ਹੈ
ਆਪੇ ਤੇ ਅੰਦਰ ਦਾ ਜ਼ਿੰਦਗੀ ਅਧਾਰ ਹੈ
ਤੂੰ ਆਪੇ ਤੇ ਅੰਦਰ ਦੇ ਵਜੂਦ 'ਚ
ਜ਼ਿੰਦਗੀ ਬੀਜਦਾ ਚਲਾ ਜਾ
ਕਬਰਾਂ ਦੀ ਅਬਾਦੀ 'ਚੋਂ
ਜ਼ਿੰਦਗੀ ਉਸਾਰਦਾ ਚਲਾ ਜਾ
ਇਸ ਦਾ ਨਾਂ ਹੀ
ਕਲਬੂਤ ਹੈ ਅੰਦਰ ਹੈ ਬੁੱਤ ਹੈ ਮੰਦਰ ਹੈ
ਰੂਹ ਹੈ ਬਸਤਰ ਹੈ
ਇਹੀ ਜ਼ਿੰਦਗੀ ਗੁਜ਼ਾਰਨ
ਤੇ ਜਿਉਣ ਦਾ ਅੰਤਰ ਹੈ

## ਵਰਤਮਾਨ

ਤੂੰ ਜੇ ਆਪਣੇ ਅੱਜ ਨੂੰ ਮੇਰੇ 'ਚ ਉਤਾਰਦੀ
ਮੈਂ ਆਪਣਾ ਅੱਜ ਤੇਰੀ ਦੇਹ 'ਚ ਉਤਾਰਦਾ
ਮੇਰੇ ਕੰਠ 'ਚੋਂ
ਤੇਰਾ ਅੱਜ ਬੋਲਦਾ
ਤੇਰੇ ਸਾਹਾਂ 'ਚ ਮੇਰਾ ਅੱਜ ਖੁਸ਼ਬੂਆਂ ਘੋਲਦਾ
ਭੂਤ ਦਾ ਮੁੱਖ ਧੋਂਦਾ ਭਵਿੱਖ ਨੂੰ ਨਿਖਾਰਦਾ
- o -
ਜੇ ਮੇਰੇ 'ਚ ਮੈਂ ਨਾ ਹੁੰਦੀ
ਤੇਰੇ 'ਚ ਤੂੰ ਨਾ ਹੂੰਦੀ
ਭੂਤ 'ਚ ਹਨੇਰਾ ਨਾ ਹੁੰਦਾ
ਭਵਿੱਖ ਦਾ ਧੁੰਦਲਾ ਚਿਹਰਾ ਨਾ ਹੁੰਦਾ
ਮੇਰੇ ਨੈਣਾਂ 'ਚ ਸੂਰਜਾਂ ਦੇ ਕਾਫਲੇ ਹੁੰਦੇ
ਤੇਰੇ ਮੱਥੇ ਤੇ ਚਮਕਦਾ
ਅੰਬਰ ਦਾ ਚੰਨ ਹੁੰਦਾ
- o -
ਚਾਰ ਕਦਮ ਤੁਰਦੇ ਇਕ ਰਾਹ ਤੇ ਅਸੀਂ
ਬਲਦੇ ਦੀਵਿਆਂ ਵਾਂਗੂੰ ਆਪਣੀ ਦਰਗਾਹ ਤੇ ਅਸੀਂ
ਮੌਤ ਦੀ ਢੇਰੀ 'ਚੋਂ ਜ਼ਿੰਦਗੀ ਉਠਦੀ
ਮੌਤ ਤੋਂ ਅਗੇਰੇ ਦਾ ਸਫਰ ਕਰਦੀ
ਤੇਰੇ ਤੇ ਮੇਰੇ ਭੂਤ ਤੇ ਭਵਿੱਖ 'ਚ
ਅੱਜ ਦੇ ਸੂਰਜ ਧਰਦੀ
- o -
ਅੱਜ ਜੋ ਮੌਤ ਤੋਂ ਪਹਿਲਾਂ ਵੀ ਹੈ
ਮੌਤ ਤੋਂ ਪਿੱਛੋਂ ਵੀ ਹੈ
ਮੌਤ ਤੋਂ ਪਹਿਲਾਂ ਦਾ ਅੱਜ ਦੇਹ ਦਾ ਹੈ
ਮੌਤ ਤੋਂ ਪਿੱਛੋਂ ਦਾ ਅੱਜ ਰੂਹ ਦਾ ਹੈ
ਨੈਣਾਂ ਦੀਆਂ ਚਾਹਤਾਂ ਦਾ ਹੈ
ਜਿਸਮ ਦੀਆਂ ਖੁਸ਼ਬੂਆਂ ਦਾ ਹੈ
- o -

ਨਾ ਮੈਂ ਆਪਣੇ ਆਪ ਨੂੰ ਤੇਰੇ 'ਚ
ਨਾ ਤੂੰ ਆਪਣੇ ਆਪ ਨੂੰ ਮੇਰੇ 'ਚ ਉਤਾਰਿਆ
ਨਾ ਮੈਂ ਤੇਰਾ ਆਪਾ ਹੀ ਜੀਵਿਆ
ਨਾ ਤੂੰ ਆਪਣੇ ਆਪ 'ਚੋਂ ਮੈਨੂੰ ਉਸਾਰਿਆ

ਤੇਰੇ ਤੇ ਮੇਰੇ ਵਿਚਕਾਰ
ਅਲੱਗਤਾਂ ਦੀ ਦੀਵਾਰ ਬਣ ਗਈ
ਤੂੰ ਮੇਰੀਆਂ ਅੱਖਾਂ 'ਚੋਂ ਅੱਥਰੂ ਬਣਕੇ ਡਿੱਗ ਪਈ
ਮੈਂ ਤੇਰਿਆਂ ਹੱਥਾਂ 'ਚੋਂ ਰੇਤ ਵਾਂਗ ਕਿਰ ਗਿਆ
ਮੈਂ ਤੇਰੀ ਬੁੱਧੀ 'ਚੋਂ ਨੁਚੜਿਆ
ਤੂੰ ਮੇਰੇ ਦਿਲ 'ਚੋਂ ਵਗ ਗਈ
- 0 -
ਅਸੀਂ ਬਿਨ ਸਿਰੇ
ਦੋ ਧੜ ਬਣਕੇ ਰਹਿ ਗਏ
ਕੰਡਾਂ ਦੇ ਕੇ ਤੁਰ ਪਏ
ਆਪਣੇ ਆਪਣੇ ਦਿੱਸਹੱਦਿਆਂ ਤੋਂ
ਅੱਗੇ ਨਿਕਲ ਗਏ
ਮਿਲਣ ਦਾ ਭਰਮ ਤਿੜਕਿਆ
ਨਾ ਦਰਿਆ ਬਣ ਸਕੇ ਨਾ ਕਿਨਾਰਾ ਹੋ ਸਕੇ
ਨਾ ਦੁਸ਼ਮਣ ਨਾ ਸਹਾਰਾ ਹੋ ਸਕੇ
ਆਪਣੇ ਆਪ 'ਚ ਸਿਮਟ ਗਏ
ਭੁਰ ਗਏ ਖੁਰ ਗਏ ਕਿਰ ਗਏ
ਆਪਣੇ ਜਿਸਮਾਂ 'ਚ ਕੰਡੇ ਬੀਜਦੇ
ਬੁੱਧੀ 'ਚ ਕੰਡੇ ਬਣਕੇ ਉੱਗਦੇ ਗਏ
ਨਾ ਬਿੰਦੂ ਬਣੇ ਨਾ ਦਾਇਰਾ ਰਹੇ
ਨਾ ਸਾਗਰ ਰਹੇ ਨਾ ਸਹਿਰਾ ਰਹੇ
- 0 -
ਸਾਡੇ ਹਰੇ ਭਰੇ ਰੁੱਖ
ਖੰਡਰ ਬਣਕੇ ਰਹਿ ਗਏ

ਇਕ ਤੇਰਾ ਖੰਡਰ
ਇਕ ਮੇਰਾ ਖੰਡਰ
ਉਜਾੜਾ ਜਿਸਮਾਂ ਦੁਆਲੇ
ਉਦਾਸੀਆਂ ਬੁੱਧੀ ਦੁਆਲੇ
ਜੀਵਨ ਦੇ ਪੰਛੀ ਉੱਡ ਗਏ
ਆਲਣੇ ਦੇ ਕੱਖ ਬਾਕੀ ਰਹਿ ਗਏ
ਅਸਮਾਨ ਦੀ ਬਿਜਲੀ ਦੀ ਨਜ਼ਰੀ
ਪੈ ਗਏ
- 0 -
ਤੂੰ ਮੇਰੀ ਪਹਿਚਾਣ ਨਾ ਰਹੀ
ਮੈਂ ਤੇਰੀ ਸਿਆਣ ਨਾ ਰਿਹਾ
ਅਲੱਗਤਾ ਦੀ ਦੀਵਾਰ ਤੋਂ ਅਗੇਰੇ
ਸਾਡੇ 'ਚ ਅਜ਼ਨਬੀਪਣ ਫੈਲਿਆ
ਨਾ ਸਾਂਝੀ ਧਰਤੀ ਹੀ ਰਹੀ
ਨਾ ਸਾਂਝਾ ਅਸਮਾਨ ਹੀ ਰਿਹਾ
ਜਲ ਨੇ ਜਲ ਦਾ ਜਲ ਹੀ ਰਿੜਕਿਆ
ਕੁਝ ਵੀ ਨਾ ਨਿਕਲਿਆ
ਮਨਫ਼ੀਆਂ ਦੀ ਫ਼ਸਲ ਮਸਤਕ 'ਚ ਖਲੋ ਗਈ
ਮੈਂ ਤੇਰੇ 'ਚੋਂ ਮਨਫ਼ੀ ਹੋ ਗਿਆ
ਤੂੰ ਮੇਰੇ 'ਚੋਂ ਮਨਫ਼ੀ ਹੋ ਗਈ
- 0 -
ਤੇਰੀ ਮੇਰੀ ਸਿਆਣ ਤੇ ਪਹਿਚਾਣ
ਖੰਡਰਾਂ ਹੇਠਾਂ ਆ ਗਈ
ਖੰਡਰਾਂ ਦੀ ਮਿੱਟੀ ਖਾ ਗਈ
ਜੋ ਤੇਰੇ ਤੇ ਮੇਰੇ ਪਿਆਰ ਦਾ ਕਦੀ ਮੰਦਰ ਸੀ
ਵਸਦਾ ਖ਼ੁਦਾ ਜਿਸ ਦੇ ਅੰਦਰ ਸੀ
ਸਾਡੀ ਪੂਜਾ ਪੁਜਾਰੀ ਦੇ ਹੱਥੋਂ ਮਰ ਗਈ
ਖੰਡਰਾਂ ਦੇ ਮੱਥੇ 'ਚ ਦੋ ਕਬਰਾਂ ਧਰ ਗਈ
ਜੋ ਮਿੱਟੀ ਹੋਈਆਂ

ਆਪਣਾ ਆਪਣਾ ਖਾਲੀਪਣ ਤੇ ਹਨੇਰਾ
ਜਿਉਂ ਰਹੀਆਂ ਹਨ
ਇਕ ਦੂਜੀ ਦੇ ਚਿਹਰੇ 'ਚੋਂ
ਆਪਣਾ ਆਪਣਾ ਚਿਹਰਾ ਤੱਕ ਰਹੀਆਂ ਹਨ
ਇਕ ਦੂਜੀ ਨੂੰ ਅਜ਼ਨਬੀ ਲਗ ਰਹੀਆਂ ਹਨ
- ੦ -
ਤੂੰ ਤੇ ਮੈਂ
ਆਪਣੇ ਆਪਣੇ ਬਿੰਦੂਆਂ ਤੋਂ
ਬਾਹਰ ਝਾਕਦੇ
ਦੁਆਲੇ ਉਸਾਰੀਆਂ ਕੰਧਾਂ ਨੂੰ ਢਾਹੁੰਦੇ
ਬਿੰਦੂਆਂ 'ਚੋਂ ਦਾਇਰੇ ਉਸਾਰਦੇ
ਇਕ ਦੂਜੇ ਦੇ ਭੂਤ ਤੇ ਭਵਿੱਖ 'ਚ
ਵਰਤਮਾਨ ਉਤਾਰਦੇ
ਇਕ ਦੂਜੇ ਦੇ ਬੀਜ 'ਚ ਸਿਮਟਦੇ
ਤੇ ਬੀਜ 'ਚੋਂ
ਆਪਣਾ ਆਪਣਾ ਰੁੱਖ ਉੱਗਾ ਲੈਂਦੇ
ਮੌਤ ਤੋਂ ਪਿੱਛੋਂ ਵੀ ਨਾ ਵਿੱਛਦੇ
ਜੇ ਜੀਵਨ 'ਚ ਉਸਾਰੀਆਂ ਕੰਧਾਂ ਢਾਅ ਲੈਂਦੇ

# ਬੇਦਿਲੀ ਸੋਚ

ਬੇਦਿਲੀ ਸੋਚ ਪੱਥਰ ਹੈ
ਬੇਰਹਿਮੀ ਦਾ ਪ੍ਰਤੀਕ ਹੈ
ਜੋ ਆਪਣੇ ਲਈ ਸੂਰਜ ਬੀਜਦੀ ਹੈ
ਲੋਕਾਂ ਲਈ ਹਨੇਰੇ ਫੈਲਾਉਂਦੀ ਹੈ
ਫੁੱਲ ਵਿਖਾਉਂਦੀ ਹੈ ਕੰਡੇ ਉੱਗਾਉਂਦੀ ਹੈ
ਧਰਤੀ ਖੰਡਰ ਕਰਦੀ ਹੈ
ਅਸਮਾਨ ਦੇ ਤਾਰੇ ਛਾਲਿਆਂ 'ਚ ਬਦਲਦੀ ਹੈ
- 0 -
ਮਨੁੱਖ ਲਈ ਧਰਤੀ ਤੇ ਤੁਰਨਾ ਵੀ ਔਖਾ ਹੈ.
ਅੰਬਰ ਹੇਠ ਛਾਲਿਆਂ ਦੀ ਛਾਵੇਂ ਬਹਿਣਾ
ਵੀ ਔਖਾ ਹੈ
ਬੇਦਿਲੀ ਸੋਚ ਦੇ ਜਿਸਮ 'ਚੋਂ ਉਗਿਆ ਬਰੂਦ
ਉਸ ਦਾ ਦਰਪਣ ਹੈ
ਉਸ ਦਾ ਚਾਨਣ ਹਨੇਰਿਆਂ ਨੂੰ ਸਮਰਪਤ ਹੈ
ਉਸ ਦੇ ਸਾਹਾਂ 'ਚ ਕੁੜੱਤਣ ਬੇਰਹਿਮੀ ਨਫਰਤ
ਅਸ਼ਾਂਤੀ ਤੇ ਹੰਝੂਆਂ ਦਾ ਵਸੇਰਾ ਹੈ
ਉਸ ਦੇ ਪਿੰਡੇ 'ਚੋਂ ਉੱਗਿਆ ਜ਼ਹਿਰ
ਦੁਨੀਆਂ ਦਾ ਚੁਫੇਰਾ ਹੈ
ਮੌਤ ਦੇ ਸਾਏ ਹਨ ਉਸ ਦੀ ਧਰਤੀ ਤੇ
ਆਦਿ ਅੰਤ ਤੱਕ ਹਨੇਰਾ ਹੈ
- 0 -
ਉਸ ਦੀ ਜ਼ੁਬਾਨ 'ਚੋਂ ਅੱਗ ਸਿੰਮਦੀ ਹੈ
ਉਸ ਦੇ ਨੈਣਾਂ 'ਚ ਤੂਫਾਨ ਝੱਖੜਾਂ ਦਾ ਦੌਰ ਹੈ
ਚਿੱਟਾ ਕਬੂਤਰ ਉਸ ਪੈਰਾਂ ਹੇਠ ਦੇ ਕੇ ਮਾਰ ਦਿੱਤਾ ਹੈ
ਉਸ ਦੇ ਮੱਥੇ 'ਚ ਭਾਂਬੜ ਹੈ ਅੱਗਣੀ ਦਾ
ਉਸ ਦੇ ਸਿਰ ਤੇ ਪ੍ਰਦੂਸ਼ਣ ਸੁਵਾਰ ਹੈ
ਉਸ ਦੇ ਪਿੰਡੇ ਦੀ ਧਰਤੀ ਯੁੱਧ ਦਾ ਮੈਦਾਨ ਹੈ

ਦੁਆਲੇ ਉੱਗਿਆ ਉਸ ਦਾ ਆਪਣਾ ਸ਼ਮਸ਼ਾਨ ਹੈ
ਉਸ ਦੇ ਪੈਰਾਂ ਦੀ ਧਰਤੀ ਦਾ
ਅੰਗ ਅੰਗ ਧੁੱਖਦਾ ਹੈ
ਉਸ ਦੇ ਸਿਰ ਦਾ ਲਹੂ ਨਾਲ ਰੰਗਿਆ
ਅਸਮਾਨ ਹੈ
ਬੇਦਿਲੀ ਸੋਚ ਜਿੱਥੇ ਪੱਥਰ ਸਮਾਨ ਹੈ
ਉਥੇ ਬੰਦੇ ਦੇ ਰੂਪ 'ਚ ਹੈਵਾਨ ਹੈ
- o -
ਬੇਦਿਲੀ ਸੋਚ ਜਦ ਤਖ਼ਤ ਤੇ ਬਹਿੰਦੀ ਹੈ
ਮਨੁੱਖਾ ਕਤਲ ਜੰਙੂਆਂ ਦੇ ਭਾਰ ਨਾਲ ਤੋਲਦੀ ਹੈ
ਨਫਰਤ ਦਾ ਲਹੂ ਪਰਜਾ 'ਚ ਘੋਲਦੀ ਹੈ
ਬੱਚਿਆਂ ਔਰਤਾਂ ਤੇ ਬਜ਼ੁਰਗਾਂ ਨੂੰ
ਨੇਜ਼ਿਆਂ ਤੇ ਟੰਗਦੀ ਹੈ
ਧਰਤੀ ਲਹੂ 'ਚ ਰੰਗਦੀ ਹੈ
ਭੁੱਖ ਬਿਮਾਰੀ ਤੇ ਸਹਿਮ ਫੈਲਾਉਂਦੀ ਹੈ
ਗੁਲਜ਼ਾਰ ਲੂੰਹਦੀ ਹੈ
ਕੁੱਲੀਆਂ
ਕੋਠੇ ਅੱਗਣ ਦੀ ਭੇਟ ਕਰਦੀ ਹੈ
ਧਰਤੀ ਬੰਜਰ ਹੋ ਜਾਂਦੀ ਹੈ
ਜਿੱਥੇ ਵੀ ਪੈਰ ਧਰਦੀ ਹੈ
- o -
ਅਸਮਾਨ 'ਚ ਅੱਗਣ ਬੀਜਦੀ ਹੈ
ਜੰਗਲ ਤੇ ਬਿਜਲੀ ਗਿਰਾਉਂਦੀ ਹੈ
ਪ੍ਰਕਿਰਤੀ ਝੁਲਸਦੀ ਹੈ ਸਾਗਰ ਉਬਾਲਦੀ ਹੈ
ਧਰਤੀ ਦੀ ਕੁੱਖ 'ਚ ਲਾਵਾ ਉਤਾਰਦੀ ਹੈ
ਮੌਸਮਾਂ ਦੀ ਦੇਹ ਝਰੀਟਦੀ ਹੈ
ਬਹਾਰਾਂ ਦੇ ਜੁੱਸੇ
ਚ ਜ਼ਹਿਰ ਘੋਲਦੀ ਹੈ
ਜ਼ਿੰਦਗੀ ਦੇ ਕੰਠ 'ਚੋਂ ਮੌਤ ਹੀ ਮੌਤ ਬੋਲਦੀ ਹੈ
ਬੇਦਿਲੀ ਸੋਚ

ਚਾਨਣ ਦਾ ਦਰ ਭੀੜਦੀ ਹੈ
ਹਨੇਰ ਦੇ ਕਵਾੜ ਖੋਲ੍ਹਦੀ ਹੈ.
ਪ੍ਰਕਿਰਤੀ ਨੂੰ ਤੱਤੀ ਰੇਤ 'ਚ ਭੁੰਨਦੀ ਹੈ
ਜ਼ਿੰਦਗੀ ਦੇ ਬੱਖੀਏ ਉਧੇੜਦੀ ਹੈ
ਹਨੇਰਾ ਫੈਲ ਜਾਂਦਾ ਹੈ
ਚਿੱਟੇ ਦਿਨ ਦੀ ਦੇਹ 'ਚ
ਬੁਝਾਉਂਦੀ ਹੈ ਚੁੱਲ੍ਹਾ ਤੇ ਦੀਵਾ ਘਰ ਘਰ ਦਾ
ਕੰਧਾਂ ਵੈਣ ਪਾਉਂਦੀਆਂ ਹਨ
ਵਿਹੜੇ ਅੱਥਰੂ ਕੇਰਦੇ ਹਨ
ਘਰਾਂ ਦੇ ਘਰ ਵਿਧਵਾ ਕਰਦੀ ਹੈ
ਕੋਇਲੇ ਕਰਦੀ ਹੈ ਦੁਆਲੇ ਦੇ
ਖੰਡਰ ਕਰਦੀ ਹੈ ਮਸਜਦ ਤੇ
ਸ਼ਿਵਾਲੇ ਦਾ
ਜ਼ੁਲਮ ਤੇ ਜ਼ਾਬਰ ਦੀ ਹਸਤੀ ਦਾ ਪ੍ਰਤੀਕ ਹੈ
ਬੇਦਿਲੀ ਸੋਚ ਜਜ਼ਬਾ ਰਹਿਤ ਪੱਥਰ ਦਾ ਸਰੀਰ ਹੈ
- o -
ਦੇਗਾਂ 'ਚ ਜ਼ਿੰਦਗੀ ਉਬਾਲਦੀ ਹੈ
ਤਪਦੀ ਰੇਤ ਸਿਰਾਂ ਤੇ ਠਾਰਦੀ ਹੈ
ਤੱਤੀਆਂ ਤਵੀਆਂ ਤੇ ਜ਼ਿੰਦਗੀ
ਬਿਠਾਂਦੀ ਹੈ
ਰਾਜਧਾਨੀ ਦੀ ਤਲੀ ਤੇ ਸੀਸ ਕਟਵਾਉਂਦੀ ਹੈ
ਕੱਚੀਆਂ ਕਲੀਆਂ ਤੋਂ ਨਾਜ਼ਕ ਜਿੰਦੜੀਆਂ
ਨੀਂਹਾਂ 'ਚ ਚਿਣਵਾਉਂਦੀ ਹੈ
ਖੋਪਰੀਆਂ ਲਹਾਉਂਦੀ ਹੈ
ਆਰਿਆਂ ਨਾਲ ਮਨੁੱਖ ਨੂੰ ਚਿਰਵਾਉਂਦੀ ਹੈ
ਬੇਦਿਲੀ ਸੋਚ ਬੰਦ ਬੰਦ ਕਟਵਾਈ ਜ਼ਿੰਦਗੀ
ਚਮਕੌਰ ਦੀ ਗੜ੍ਹੀ ਨੂੰ ਹੁਣ ਵੀ ਯਾਦ ਹੈ
ਜਿਸ ਮੌਤ ਦੀ ਗੋਦੀ 'ਚ ਖਿਡਾਈ ਜ਼ਿੰਦਗੀ

ਬੇਦਿਲੀ ਸੋਚ ਪੱਥਰ ਹੈ
ਪੱਥਰ ਦੀ ਪੁਜਾਰੀ ਹੈ
ਜੀਵਨ ਰੌਣਕ ਖੁਸ਼ੀਆਂ ਸ਼ਾਂਤੀ
ਮਨੁੱਖ ਤੇ ਮਨੁੱਖਤਾ ਦੀ ਦੁਸ਼ਮਣ ਹੈ
ਉਜਾੜਾਂ ਪੱਤਝੜਾਂ ਇਕੱਲਤਾ ਤੇ ਅਸ਼ਾਂਤੀ
ਜ਼ਿੰਦਗੀ ਦੀ ਨਸ ਨਸ 'ਚ ਘੋਲਦੀ ਹੈ
ਬੇਦਿਲੀ ਸੋਚ ਲਈ ਚਾਨਣ ਹੀ ਹਨੇਰ ਹੈ
ਜ਼ਿੰਦਗੀ ਹੀ ਦੁਸ਼ਮਣ ਹੈ
- O -
ਧਰਤੀ ਦੇ ਜ਼ੱਰੇ ਜ਼ੱਰੇ ਤੇ ਮੀਂਹ ਅੱਗ ਦਾ ਵਰਸਾਉਂਦੀ ਹੈ
ਖੇਤਾਂ 'ਚ ਉੱਗਿਆ ਅਨਾਜ ਜਲਾਉਂਦੀ ਹੈ
ਮਨੁੱਖਤਾ ਦੇ ਲਹੂ 'ਚ ਨਹਾਉਂਦੀ ਹੈ
ਮਨੁੱਖਤਾ ਦੀ ਤਲੀ ਤੇ ਜਿਉਂਦੀ ਮੌਤ ਧਰਦੀ ਹੈ
ਪਾਣੀਆਂ 'ਚ ਜ਼ਹਿਰ ਘੋਲਦੀ ਹੈ
ਪੌਣਾਂ ਜ਼ਖਮੀ ਕਰਦੀ ਹੈ
ਜ਼ਿੰਦਗੀ ਦੇ ਪਿੰਡੇ 'ਚ ਕਬਰਾਂ ਉੱਗਾਉਂਦੀ ਹੈ
ਫੁੱਲਾਂ ਦੇ ਰੰਗ ਝੁਲਸਦੀ ਹੈ
ਖੁਸ਼ਬੂਆਂ ਖਾ ਜਾਂਦੀ ਹੈ
- O -
ਬੇਦਿਲੀ ਸੋਚ ਨੇ
ਬੁੱਕਲ ਮੌਤ ਦੀ ਮਾਰੀ ਹੈ
ਹਰਆਵਲ ਦੇ ਪਿੰਡੇ 'ਚ ਅੱਗ ਉਤਾਰੀ ਹੈ
ਜ਼ਿੰਦਗੀ ਦੀ ਗਤੀ 'ਚ ਅਗਤੀਆਂ ਧਰੀਆਂ ਹਨ
ਪੌਣਾਂ ਦਾ ਕੁਤਰਾ ਕੁਤਰਾ ਕੀਤਾ ਹੈ
ਪ੍ਰਕਿਰਤੀ ਦਾ ਪੱਤਿਆਂ ਤੋਂ ਜੜ੍ਹਾਂ ਤਕ ਲਹੂ ਪੀਤਾ ਹੈ
ਅਸਮਾਨ ਚੋਂ ਚੰਨ ਤਾਰੇ ਸੂਰਜ ਨਿਚੋੜ ਦਿੱਤੇ ਹਨ
ਧਰਤੀ ਦੇ ਪਿੰਡੇ 'ਚ ਧਰ ਕੋਹੜ ਦਿੱਤਾ ਹੈ
ਅੱਗ 'ਚੋਂ ਤੇਜ਼ ਮਨਫ਼ੀ ਹੈ
- O -

ਧਰਤੀ ਦੀ ਸੁਗੰਧ ਗੰਦ 'ਚ ਬਦਲੀ ਹੈ
ਅੰਬਰ ਦੇ ਮੂੰਹ ਤੇ ਹਨੇਰਾ ਪੋਚ ਦਿੱਤਾ ਹੈ
ਗਰਭ ਜਿਉਂਦੀ ਜ਼ਿੰਦਗੀ
ਗਰਭ 'ਚ ਹੀ ਸੂਲੀ ਚਾੜ੍ਹੀ ਹੈ
ਸਾਗਰ ਸੁਕਾਇਆ ਹੈ ਬੱਦਲਾਂ ਨੂੰ ਅੱਗ ਲਾਈ ਹੈ
ਅੰਬਰ 'ਚ ਸ਼ਮਸ਼ਾਨ ਬੀਜੇ ਹਨ
ਧਰਤੀ 'ਚ ਕਬਰਾਂ ਉਗਾਈਆਂ ਹਨ
ਪ੍ਰਕਿਰਤੀ 'ਚੋਂ ਹਰਿਆਵਲ ਡੀਕ ਲੀਤੀ ਹੈ
ਰੌਣਕਾਂ ਮੌਸਮਾਂ ਬਹਾਰਾਂ
ਰੰਗ ਤੇ ਖੁਸ਼ੀਆਂ ਦਾ ਵਜੂਦ ਸੀਕ ਲੀਤਾ ਹੈ
- O -
ਬੇਦਿਲੀ ਸੋਚ
ਮਨੁੱਖਤਾ ਦੇ ਸਾਹਾਂ 'ਚ ਜ਼ਹਿਰ ਧਰ ਗਈ ਹੈ
ਵਿਸ਼ਵ ਦਾ ਵਜੂਦ ਛਾਲੇ ਛਾਲੇ ਕਰ ਗਈ ਹੈ
ਦੁਨੀਆਂ ਦਾ ਨਕਸ਼ਾ ਕਬਰਸਤਾਨ 'ਚ
ਬਦਲ ਗਿਆ ਹੈ
ਧਰਤੀ ਦੇ ਸਿਰ ਤੇ ਮੌਤ ਦਾ ਅੰਬਰ
ਤਣਿਆ ਪਿਆ ਹੈ
ਅੰਬਰ ਦੇ ਤਾਰਿਆਂ ਜਿੰਨੀਆਂ
ਧਰਤੀ ਤੇ ਲਾਸ਼ਾਂ ਵਿਛੀਆਂ ਹਨ
ਬੇਦਿਲੀ ਸੋਚ ਸਦਕਾ
ਧਰਤੀ ਵਿਹੜੇ ਕਾਲੀਆਂ ਸ਼ਾਹ ਰਾਤਾਂ
ਉੱਤਰ ਆਈਆਂ ਹਨ
ਬੇਦਿਲੀ ਸੋਚ ਨੇ
ਸੂਰਜ ਬੁਝਾਏ ਹਨ ਤਾਰੇ ਬੁਝਾਏ ਹਨ
ਜ਼ਿੰਦਗੀ ਦੇ ਪੋਟੇ ਪੋਟੇ 'ਚ ਮੌਤ ਦੇ ਜੰਗਲ
ਉੱਗਾਏ ਹਨ

# ਬੋਧ

ਮੈਂ ਆਪਣੇ ਬੋਧ ਸਦਕਾ ਹੀ
ਸ਼ਕਤੀ ਹਾਂ ਸੁਤੰਤਰਤਾ ਦਾ ਸੋਮਾ ਹਾਂ
ਚਿੰਰਨਜੀਵ ਖੁਸ਼ੀ ਦਾ ਕਾਰਨ ਹਾਂ
ਆਪਣੇ ਆਪ ਦੀ ਹਸਤੀ ਹਾਂ
ਆਪਣਾ ਪਤਨ ਵੀ ਹਾਂ ਆਪਣਾ ਉਸਾਰਨ ਵੀ ਹਾਂ
ਆਪਣਾ ਸਿਮਰਨ ਵੀ ਹਾਂ
ਆਪਣਾ ਉਚਾਰਨ ਵੀ ਹਾਂ
- o -
ਮੈਂ ਬੋਧ
ਪੰਜਾਂ ਤੱਤਾਂ ਦੀ ਸੰਚਾਲਕ ਸ਼ਕਤੀ ਹਾਂ
ਮੈਂ ਦੇਹ ਦੇ ਸਵੈ ਤੱਕ ਲੈ ਜਾਂਦਾ ਹਾਂ
ਮੈਂ ਬੋਧ ਹੀ ਚੇਤਨਾ ਦਾ ਸਰੂਪ ਕਹਾਉਂਦਾ ਹਾਂ
ਮੈਂ ਸਵੈ ਚਾਨਣ
ਦੇਹ 'ਚ ਖਿਲਾਰਦਾ ਹਾਂ
ਮੈਂ ਸਵੈ ਦਾ ਸੰਕਲਪ
ਚੇਤਨਾ 'ਚ ਸਹਿਕਾਰਦਾ ਹਾਂ
ਮੈਂ ਧਰਤੀ ਨੂੰ ਕਲੀ ਕਰਦਾ ਹਾਂ
ਅਕਾਸ਼ ਦਾ ਚਿਹਰਾ ਨਿਖਾਰਦਾ ਹਾਂ
ਮਨੁੱਖ ਨੂੰ ਮਨੁੱਖਤਾ 'ਚ ਢਾਲਦਾ ਹਾਂ
ਧਰਤੀ ਦਾ ਰੱਬ ਧਰਤੀ ਤੇ ਉਤਾਰਦਾ ਹਾਂ
- o -
ਮੈਂ ਨਿੱਜਤਾ ਨੂੰ ਅਨਿੱਜਤਾ ਦਾ ਰੂਪ
ਵਿਖਾਦਾਂ ਹਾਂ
ਬਿੰਦੂਆਂ 'ਚੋਂ ਦਾਇਰੇ ਦਾਇਰਿਆਂ 'ਚੋਂ
ਦਾਇਰਿਆਂ ਦਾ ਦਾਇਰਾ ਉਸਾਰਦਾ ਹਾਂ
ਮੈਂ ਰੁੱਖ ਨੂੰ ਜੰਗਲ
ਨਦੀਆਂ ਦਰਿਆਵਾਂ ਚਸ਼ਮਿਆਂ ਝਰਨਿਆਂ ਨੂੰ
ਸਾਗਰ ਵਿਖਾਉਂਦਾ ਹਾਂ
ਕਿਣਕੇ ਨੂੰ ਪਹਾੜ ਦੀ ਦੇਹ 'ਚ

ਜ਼ੱਰੇ ਨੂੰ ਧਰਤੀ ਦੇ ਵਜ਼ੂਦ 'ਚ ਉਤਾਰਦਾ ਹਾਂ
- o -
ਮੈਂ ਬ੍ਰਹਿਮੰਡਾਂ ਅਕਾਸ਼ਾਂ ਤੇ ਪਤਾਲਾਂ ਨੂੰ
ਵਜ਼ੂਦ ਦੀ ਹੋਂਦ ਦਾ ਸੱਚ ਸਮਝਾਉਂਦਾ ਹਾਂ
ਸੱਚ ਤੇ ਸੁੰਦਰਤਾ ਵਿਖਾਉਂਦਾ ਹਾਂ
ਜੋ ਤੁਰਦਾ ਹੈ ਸੇਧ ਮੇਰੀ
ਮੈਂ ਉਸ ਨੂੰ ਮੌਤ ਤੋਂ ਪਹਿਲਾਂ ਦਾ
ਤੇ ਪਿੱਛੋਂ ਦਾ ਰਹੱਸ ਸਮਝਾਉਂਦਾ ਹਾਂ
ਮੋਕਸ਼ਾਂ ਦੇ ਦੁਆਰ ਖੋਲ੍ਹਦਾ ਹਾਂ
ਕਾਦਰ ਦੇ ਦਰ ਤੱਕ ਲੈ ਜਾਂਦਾ ਹਾਂ
- o -
ਮੈਂ ਆਪਣੀ ਲੋਅ ਸਦਕਾ ਦੁਆਲੇ ਦੀ
ਤੇ ਅੰਦਰ ਦੀ ਦੁਨੀਆਂ ਪਹਿਚਾਣਦਾ ਹਾਂ
ਸੱਚ ਸੁੰਦਰਤਾ ਬੀਜਦਾ ਹਾਂ
ਦੁਨੀਆਂ ਦਾ ਵਜ਼ੂਦ ਨਿਖਾਰਦਾ ਹਾਂ
ਨਿਖਰੀ ਦੁਨੀਆਂ
ਦਰਪਣ 'ਚ ਜਦ ਆਪਣਾ ਆਪ ਤੱਕਦੀ ਹੈ
ਖਿੱਚ ਦੀ ਖੁਸ਼ਬੂ ਉਸਦੇ ਜਿਸਮ 'ਚੋਂ ਆਉਂਦੀ ਹੈ
ਨੂਰ ਤੇ ਸੁੰਦਰਤਾ ਉਸ ਦੇ ਚਿਹਰੇ ਤੋਂ ਝਲਕਦੀ ਹੈ
ਪ੍ਰਕਿਰਤੀ ਤੇ ਮਨੁੱਖ ਉਸ ਵੱਲ ਅਕਰਸ਼ਿਤ ਹੁੰਦੇ ਹਨ
ਚੰਨ ਸੂਰਜ ਤਾਰੇ ਉਸਦੀ ਸੁੰਦਰਤਾ ਦੀ ਉਪਮਾ ਕਰਦੇ ਹਨ
ਬਹਾਰਾਂ ਉਸ ਦਾ ਵਸੇਰਾ ਕਰਦੀਆਂ ਹਨ
ਮੌਸਮ ਉਸ ਦੇ ਦੁਆਲੇ ਭੌਂਦੇ ਹਨ
- o -
ਉਹ
ਤੀਰਥਾਂ 'ਚ ਨਹੀਂ
ਤੀਰਥ ਉਸ 'ਚ ਨਹਾਉਂਦੇ ਹਨ
ਉਸ ਦੇ ਸੱਚ ਤੇ ਸੁੰਦਰਤਾ ਦੇ ਸਾਗਰ 'ਚ
ਆਪਣਾ ਮੈਲਾ ਉਤਾਰਦੇ ਹਨ
ਆਪਣੀ ਦੇਹ ਧੋਂਦੇ ਹਨ

ਪ੍ਰੇਮ ਭਾਵ ਸਾਂਝੀਵਾਲਤਾ ਏਕਤਾ ਤੇ ਸ਼ਾਂਤੀ
ਦੇ ਚਸ਼ਮੇ
ਉਸ ਦੀ ਦੇਹ 'ਚੋਂ ਫੁੱਟਦੇ ਹਨ
ਮਨੁੱਖਤਾ ਦੇ ਸੂਰਜ ਦੀਆਂ ਕਿਰਨਾਂ
ਉਸ ਦਾ ਮੁੱਖ ਚੁੰਮਦੀਆਂ ਹਨ
ਏਕੇ ਦਾ ਰੂਪ ਦਿੱਸਦੀਆਂ ਹਨ
- O -
ਵੱਖੋ ਵੱਖਰੇ ਰੰਗ ਵੱਖ ਵੱਖ ਸ਼ਬਦ ਭਾਸ਼ਾ ਬੋਲੀਆਂ
'ਚੋਂ ਏਕੇ ਦੀ ਧਰਤੀ ਏਕੇ ਦਾ ਅੰਬਰ
ਏਕੇ ਦਾ ਸੂਰਜ
ਜ਼ਿੰਦਗੀ ਦੇ ਮੱਥੇ 'ਚ ਜਗਦਾ ਹੈ
ਏਕੇ ਦਾ ਚਾਨਣ
ਦੁਨੀਆਂ ਦੀ ਰਗ ਰਗ 'ਚ ਤੁਰਦਾ ਹੈ
ਮਨੁੱਖ ਤੇ ਮਨੁੱਖਤਾ ਵਿਚਲੀਆਂ
ਕੰਧਾਂ ਹੱਦਾਂ ਤੇ ਬੰਨ੍ਹਿਆ ਨੂੰ ਮਿਟਾਉਂਦਾ ਹੈ
ਵੱਖ ਵੱਖ ਰੰਗ
ਇਕ ਤਸਵੀਰ ਸਿਰਜਦੇ ਹਨ
ਰੰਗਾਂ 'ਚੋਂ ਰੰਗਾਂ ਦੀ ਤਾਸੀਰ ਸਿਰਜਦੇ ਹਨ
ਆਪਣਾ ਰੂਪ ਸਿਰਜਦੇ ਹਨ
ਆਪਣੀ ਜ਼ਮੀਰ ਸਿਰਜਦੇ ਹਨ
ਆਪਣਾ ਰੱਬ ਖੁਦ ਕਹਾਉਂਦੇ ਹਨ
ਖੁਦ ਆਪਣੀ ਤਕਦੀਰ ਸਿਰਜਦੇ ਹਨ
- O -
ਏਕੇ ਦੇ ਕਾਰਨ ਕਿਰਨਾਂ 'ਚੋਂ ਸੂਰਜ ਉੱਗਦਾ ਹੈ
ਬੂੰਦਾਂ ਸਾਗਰ 'ਚ ਉਤਰਦੀਆਂ ਹਨ
ਬੁੱਲੇ ਹਵਾ 'ਚ-ਬਦਲਦੇ ਹਨ
ਕਿਣਕੇ ਪਹਾੜਾਂ 'ਚ ਠਹਿਰਦੇ ਹਨ
ਰੁੱਖਾਂ 'ਚੋਂ ਜੰਗਲ ਉੱਗਦਾ ਹੈ

ਚਸ਼ਮੇ ਝਰਨੇ ਦਰਿਆਵਾਂ
ਤੇ ਨਦੀਆਂ ਦਾ ਰੂਪ ਧਾਰਦੇ ਹਨ
ਦੁਨੀਆਂ ਦੇ ਵੰਨ ਸੁਵੰਨੇ ਰੰਗ ਆਪਣੇ ਆਪ ਨੂੰ
ਇਕ ਰੰਗ 'ਚ ਉਤਾਰਦੇ ਹਨ
ਆਪਣੀ ਹੋਂਦ ਕਾਇਮ ਰੱਖਦੇ ਹਨ
ਇਕ ਰੰਗ ਦੇ ਪਿੰਡੇ 'ਚੋਂ
ਵੰਨ ਸੁਵੰਨੇ ਰੰਗਾਂ ਦੇ ਸੂਰਜ ਚਾੜ੍ਹਦੇ ਹਨ
- o -
ਨਿੱਖਰੀ ਦੁਨੀਆਂ
ਆਪਣੇ ਦੁਆਲੇ ਨਿੱਖਰੀ ਨਿੱਖਰੀ
ਪ੍ਰਕਿਰਤੀ ਸਿਰਜਦੀ ਹੈ
ਨਵਾਂ ਸੂਰਜ ਚੰਨ ਤਾਰੇ
ਨਵੇਕਲਾ ਅਸਮਾਨ ਸਿਰਜਦੀ ਹੈ
ਸਮੇਂ ਨੂੰ ਸਮੇਂ ਦੀ ਹੋਂਦ ਦਸਦੀ ਹੈ
ਸਮੇਂ ਦਾ ਵਜੂਦ ਸਿਰਜਦੀ ਹੈ
ਨਿੱਖਰੇ ਰਾਤ ਦਿਨ ਨਿੱਖਰਿਆਂ ਵਾਤਾਵਰਨ
ਵਰਤਮਾਨ ਭੂਤ ਤੇ ਭਵਿੱਖ ਸਿਰਜਦੀ ਹੈ
- o -
ਨਵੇਂ ਮੰਦਰ ਮਸੀਤਾਂ
ਨਵੇਂ ਵਿਸ਼ਵ ਵਿਦਿਆਲੇ ਪਾਠਸ਼ਾਲਾਂ ਦਾ
ਨਿਰਮਾਣ ਹੁੰਦਾ ਹੈ
ਮਨੁੱਖ ਹੀ ਪੂਜਾ ਸਮਗਰੀ ਪੂਜਾ ਦਾ
ਸਥਾਨ ਹੁੰਦਾ ਹੈ
ਮਨੁੱਖ ਹੀ ਮਨੁੱਖ ਦਾ ਭਗਵਾਨ ਹੁੰਦਾ ਹੈ
ਮਨੁੱਖਤਾ ਦਾ ਧਰਮ
ਮੰਦਰਾਂ ਮਸਜਦਾਂ ਠਾਕੁਰ ਦੁਆਰਿਆਂ ਦੀ
ਆਵਾਜ਼ ਹੁੰਦੀ ਹੈ
ਮਨੁੱਖ ਹੀ ਗੀਤਾ ਮਨੁੱਖ ਹੀ ਕੁਰਾਨ ਹੁੰਦਾ ਹੈ

ਮਨੁੱਖ ਹੀ ਧਰਤੀ ਦਾ ਗੀਤ
ਅੰਬਰ ਦਾ ਸਾਜ਼ ਹੁੰਦਾ ਹੈ
ਸਾਰੀ ਪ੍ਰਕਿਰਤੀ ਸਾਰਾ ਬ੍ਰਹਿਮੰਡ ਹੈ
ਪਿਆਰ 'ਚ ਝੂਲਦਾ
ਚੰਨਾਂ ਸੂਰਜਾਂ ਤਾਰਿਆਂ ਦੀ ਮਹਿਫਲ 'ਚ
ਨੂਰਾਂ ਦੇ ਨੂਰ ਦਾ ਬੈਠਾ ਸਿਰਤਾਜ ਹੁੰਦਾ ਹੈ
- 0 -
ਮਨੁੱਖ ਦੇਹ ਵਿਚਲਾ ਬ੍ਰਹਿਮੰਡ
ਦੁਆਲੇ ਬੀਜ ਦਾ ਉੱਗਾਂਦਾ ਤੇ ਵਿਸਥਾਰਦਾ ਹੈ
ਮਨੁੱਖ ਆਪਣਾ ਅੰਦਰ ਦੁਆਲੇ ਖਿਲਾਰਦਾ ਹੈ
ਤਾਂ ਕਿ ਮਨੁੱਖ
ਆਪਣੇ ਬਾਹਰ ਨੂੰ ਅੰਦਰ ਜੀਅ ਸਕੇ
- 0 -
ਮੇਰੇ ਬੋਧ 'ਚ
ਇਕ ਦਰਪਣ ਹੈ ਇਕ ਚਿਹਰਾ ਹੈ
ਮਨੁੱਖ ਦੁਆਲੇ ਮਨੁੱਖਤਾ ਦਾ ਚੁਫੇਰਾ ਹੈ
ਮਨੁੱਖ ਦੀ ਹਸਤੀ 'ਚ ਮਨੁੱਖਤਾ ਦਾ ਡੇਰਾ ਹੈ
ਮਨੁੱਖ ਤੇ ਮਨੁੱਖਤਾ ਵਿਚਾਲੇ
ਨਾ ਕੁਝ ਤੇਰਾ ਹੈ ਨਾ ਮੇਰਾ ਹੈ
ਮਨੁੱਖ ਇਕ ਅੱਖ ਨਾਲ
ਆਪਣਾ ਅੰਦਰ ਤੇ ਬਾਹਰ ਨਿਹਾਰਦਾ ਹੈ
ਆਪਣਾ ਸੱਚ ਪਹਿਣਦਾ ਹੈ ਝੂਠ ਉਤਾਰਦਾ ਹੈ
ਅੰਦਰ ਤੇ ਬਾਹਰ ਵਿਚਲੇ ਦਾ ਪਰਦਾ ਲਾਹੁੰਦਾ ਹੈ
ਅੰਦਰ ਤੇ ਬਾਹਰ ਏਕੇ ਦੇ ਵਜੂਦ 'ਚ
ਏਕੇ ਦੀ ਜੋਤ ਬਾਲਦਾ ਹੈ
- 0 -
ਮਨੁੱਖ
ਮਨੁੱਖ ਤੇ ਮਨੁੱਖਤਾ 'ਚ ਨਹਾਉਂਦਾ ਹੈ

ਸੂਰਜ ਤੇ ਕਿਰਨਾਂ ਵਿਚਲੀ ਵਿੱਥ ਮਿਟਾਉਂਦਾ ਹੈ
ਮਨੁੱਖ ਜੇ ਦੇਹ ਦਾ ਪਰਦਾ ਉਠਾ ਲਵੇ
ਤਾਂ ਅੰਦਰ ਜੋ ਕੁਝ ਵੀ ਬੀਜਿਆ ਹੈ
ਬਾਹਰ ਉਸ ਦੀ ਛਾਂ ਹੰਢਾ ਲਵੇ
ਆਪਣੀ ਧਰਤੀ ਪੈਰਾਂ 'ਚ ਵਿਛਾ ਲਵੇ
ਆਪਣਾ ਅੰਬਰ ਸਿਰ ਤੇ ਉਠਾ ਲਵੇ

## ਸਮਾਂ

ਇਹ ਯੁੱਗ ਹੈ ਵਰਤਮਾਨ ਜਿੱਤਣ ਦਾ
ਨਾ ਭੂਤ ਬਾਰੇ ਸੋਚਣ ਦਾ ਨਾ ਭਵਿੱਖ ਸਿਰਜਣ ਦਾ
ਇਹ ਯੁਗ ਹੈ ਵਰਤਮਾਨ 'ਚ ਵਿਚਰਨ ਦਾ
ਵਰਤਮਾਨ ਸਿਰਜਣ ਦਾ
ਵਰਤਮਾਨ ਦਾ ਅੰਦਰ ਸੁਆਰਨ ਦਾ
ਵਰਤਮਾਨ ਦੇ ਜਿਸਮ 'ਚ ਮੌਸਮ ਬਹਾਰਾਂ
ਖੁਸ਼ਬੂਆਂ ਉਤਾਰਨ ਦਾ
ਵਰਤਮਾਨ ਦੇ ਪੈਰਾਂ ਦੀ ਧਰਤੀ ਕਲੀ ਕਰਨ ਦਾ
ਵਰਤਮਾਨ ਦੇ ਸਿਰ ਨਵਾਂ ਅੰਬਰ ਧਰਨ ਦਾ
ਵਰਤਮਾਨ 'ਚ ਨਵੇਂ ਸੂਰਜ ਜਗਾਵਣ ਦਾ
ਵਰਤਮਾਨ ਨੂੰ ਭੂਤ ਤੇ ਭਵਿੱਖ ਦਾ ਦਰਪਣ ਦਿਖਾਵਣ ਦਾ
-0 -
ਵਰਤਮਾਨ ਨੂੰ ਸੁਆਰਨ ਤੋਂ ਪਹਿਲਾਂ
ਮੈਂ ਆਪਣਾ ਆਪ
ਸੁਆਰ ਲਾਂ
ਆਪਣੇ 'ਚੋਂ ਭੂਤ ਤੇ ਭਵਿੱਖ ਨਿਚੋੜਾਂ
ਵਰਤਮਾਨ ਆਪਣੇ
ਅੰਦਰ ਉਤਾਰ ਲਾਂ
ਜੋ ਹਨੇਰੀਆਂ
ਕਾਮ ਕ੍ਰੋਧ ਮੋਹ ਲੋਭ ਹੰਕਾਰ ਦੇ ਦਲਾਂ
ਦੀਆਂ ਚੜ੍ਹ ਕੇ ਆਈਆਂ ਹਨ
ਮੇਰੇ ਵਰਤਮਾਨ 'ਚ ਖੰਡਰ ਉੱਗਾਵਣ ਲਈ
ਮੇਰੀ ਦੇਹ.'ਚੋਂ ਜਨਮੀਆਂ ਹਨ
ਬੁੱਧੀ 'ਚ ਪਲਰੀਆਂ ਹਨ ਤੇ ਛਾਈਆਂ ਹਨ
ਇਹ ਪ੍ਰਵਿਰਤੀਆਂ
ਮੇਰੀ ਦੇਹ ਦੀ ਬਣਤਰ ਤੋਂ ਪਹਿਲਾਂ
ਗਰਭ 'ਚ ਸਮਾਈਆਂ ਹਨ
ਮੇਰੇ ਜਨਮ ਤੇ ਹੀ
ਮੇਰੇ ਸੰਗ ਗਰਭ 'ਚੋਂ ਬਾਹਰ ਆਈਆਂ ਹਨ

ਇਹ ਮੇਰੇ ਵਰਤਮਾਨ ਦਾ ਹਨੇਰਾ ਹਨ
ਦੁਸ਼ਮਣ ਹਨ
ਮੇਰੇ ਲਹੂ 'ਚ ਰਚੀਆਂ ਹਨ
ਸੰਸਕਾਰਾਂ 'ਚ ਵਸੀਆਂ ਹਨ
- O -
ਇਹ ਜਮਾਂਦਰੂ ਗੁਣ ਹਨ ਮੇਰੇ
ਮੇਰੀ ਬੁੱਧੀ ਤੇ ਦੇਹ 'ਚ ਹਨ ਇਨ੍ਹਾਂ ਦੇ ਡੇਰੇ
ਕਾਮ ਕ੍ਰੋਧ
ਲੋਭ ਮੋਹ ਹੰਕਾਰ ਦੇ ਸੈਨਿਕਾਂ ਦੀਆਂ ਟੁਕੜੀਆਂ
ਘੋੜ ਸਵਾਰ ਹਾਥੀ ਤੇ ਰੱਥਾਂ ਤੇ
ਮੈਂ ਤਲਵਾਰਾਂ ਦੀ ਛਾਂ ਕਰ ਦੇਵਾਂ
ਵਰਤਮਾਨ ਦੀ ਜਿੱਤ ਲਈ
ਰਣਭੂਮੀ ਕੱਟਿਆਂ ਸਿਰਾਂ ਨਾਲ ਭਰ ਦੇਵਾਂ
ਰਣਭੂਮੀ ਦੇ ਪੋਟੇ ਪੋਟੇ 'ਚ
ਕਬਰਾਂ ਉੱਗਾ ਦੇਵਾਂ
ਲਾਸ਼ਾਂ ਵਿਛਾ ਦੇਵਾਂ
ਪਰਦਾ ਵਰਤਮਾਨ ਦੇ ਮੂੰਹ ਤੋਂ
ਭੂਤ ਤੇ ਭਵਿੱਖ ਦਾ ਉਠਾ ਦੇਵਾਂ
ਵਰਤਮਾਨ ਦੇ ਪੈਰਾਂ 'ਚ ਵਰਤਮਾਨ ਦੀ ਧਰਤੀ
ਵਰਤਮਾਨ ਦੇ ਸਿਰ ਤੇ
ਵਰਤਮਾਨ ਦਾ ਅੰਬਰ ਵਿਛਾਂ ਦੇਵਾਂ
ਰਣਭੂਮੀ ਦੀ ਧਰਤ ਤੇ
ਵਰਤਮਾਨ ਦੇ ਸੂਰਜ ਦੀ ਲੋਅ ਹੋਵੇ
ਵਰਤਮਾਨ ਦੇ ਲਹੂ ਦੀ ਖੁਸ਼ਬੂ ਹੋਵੇ
- O -
ਪਲਾਂ 'ਚ ਢਾਲਦਿਆਂ ਸਦੀਆਂ
ਸਦੀਆਂ 'ਚੋਂ ਪਲ ਉੱਗਾ ਦੇਵਾਂ
ਮੈਂ ਜਾਗ ਚਾਨਣ ਦੀ ਸਮਿਆਂ ਨੂੰ ਲਾ ਦੇਵਾਂ
ਜ਼ਿੰਦਗੀ ਦੇ ਨੈਣੀ

ਸੂਰਜਾਂ ਦੇ ਦੀਵੇ ਜਗਾ ਦੇਵਾਂ
ਮੈਂ ਕਾਲਖ ਹੂੰਝ ਦਿਆਂ ਮਨੁੱਖਤਾ ਦੇ
ਵਿਹੜੇ 'ਚੋਂ
ਧਰਤੀ ਦੀ ਮਾਂਗ ਚੰਨਾਂ ਸੂਰਜਾਂ ਤਾਰਿਆਂ ਦੀ ਥਾਂ
ਆਪਣੇ ਲਹੂ ਨਾਲ ਸਜਾ ਦੇਵਾਂ
ਸਮੇਂ ਦੇ ਆਦਿ ਤੋਂ ਅੰਤ ਤੱਕ
ਵਰਤਮਾਨ ਹੀ ਵਰਤਮਾਨ ਨਜ਼ਰ ਆਵੇ
ਮੈਂ ਧਰਤੀ ਦੀ ਧਰਤੀ ਤੋਂ
ਅੰਬਰ ਦੇ ਸਿਖ਼ਰ ਤੋਂ ਸਿਖ਼ਰ ਅੰਬਰ ਤੱਕ
ਵਰਤਮਾਨ ਵਿਛਾ ਦੇਵਾਂ
-0 -
ਮੈਂ ਕੁਠਾਲੀ 'ਚ ਜਦ ਆਪਣਾ
ਆਪ ਢਾਲ ਨਹੀਂ ਲੈਂਦਾ
ਕਾਮ ਕ੍ਰੋਧ ਮੋਹ ਲੋਭ ਹੰਕਾਰ ਸਾੜ ਨਹੀਂ ਲੈਂਦਾ
ਆਪਣੇ ਲਹੂ 'ਚ ਆਪਾ ਉਬਾਲ ਨਹੀਂ ਲੈਂਦਾ
ਸੰਸਕਾਰਾਂ ਤੇ ਚੜ੍ਹੀ ਯੁੱਗਾਂ ਦੀ ਮੈਲ
ਉਤਾਰ ਨਹੀਂ ਲੈਂਦਾ
ਮੇਰਾ ਪੁਨਰ ਜਨਮ ਹੋ ਨਹੀਂ ਸਕਦਾ
ਮੱਥੇ 'ਚੋਂ ਭਵਿੱਖ ਮਿੱਟ ਨਹੀਂ ਸਕਦਾ
ਕੰਡ ਤੇ ਚਿਮੜਿਆ ਭੂਤ ਲਾ ਕੇ ਸੁਟ ਨਹੀਂ ਸਕਦਾ
ਵਰਤਮਾਨ ਦੀ ਵਿਜੈ ਲਈ
ਇਕ ਕਦਮ ਵੀ ਪੁੱਟ ਨਹੀਂ ਸਕਦਾ
-0 -
ਨਾ ਮੈਂ ਸੜ ਨਾ ਧੁੱਖ ਸਕਦਾ ਹਾਂ
ਨਾ ਮੋਇਆਂ 'ਚ ਸ਼ਾਮਲ ਹਾਂ
ਨਾ ਜਿਉਂਦਿਆਂ 'ਚ ਸ਼ੁਮਾਰ ਹਾਂ
ਮੈਂ ਬੰਦ ਕਮਰੇ ਦੀ ਦੀਵਾਰ ਹਾਂ
ਮੈਂ ਆਪਣੀ ਜਿੱਤ ਦੇ ਲਹੂ 'ਚ ਤੁਰਦੀ ਹਾਰ ਹਾਂ
ਮੇਰੀ ਦੇਹ ਹਸਤਨਾਪੁਰ ਹੈ
ਮੇਰਾ ਯੁੱਧ ਕੁਰੂਖਸ਼ੇਤਰ ਹੈ

ਮੈਂ ਕੌਰਵ ਵੀ ਹਾਂ ਮੈਂ ਪਾਂਡਵ ਵੀ ਹਾਂ
ਯੁੱਧ ਦਾ ਪਹਿਣਨ ਵੀ ਹਾਂ ਉਤਾਰ ਵੀ ਹਾਂ
ਮੈਂ ਸਿਰ ਵੀ ਹਾਂ ਤਲਵਾਰ ਵੀ ਹਾਂ
- O -
ਮੈਂ ਆਪਣੇ ਪੁਨਰ ਜਨਮ ਲਈ
ਆਪਣਾ ਆਪਾ ਕੁਠਾਲੀ 'ਚ ਪਾਇਆ ਹੈ
ਪੰਜਾਂ ਭੂਤਾਂ ਦੀ ਦੇਹ ਤੋਂ ਸੰਸਕਾਰਾਂ ਨੂੰ ਲਾਇਆ ਹੈ
ਮੈਂ ਵਰਤਮਾਨ ਦੀ ਵਿਜੈ ਲਈ
ਸਿਰ ਤਲੀ ਤੇ ਟਿਕਾਇਆ ਹੈ
- O -
ਮੈਂ ਵਰਤਮਾਨ ਦੇ ਪਿੰਡੇ ਨੂੰ ਉਧੇੜਿਆ
ਖੋਲਿਆ ਧੋਇਆ ਨਿਚੋੜਿਆ ਹੈ
ਇਸ ਦਾ ਮੈਲਾ ਉਤਾਰਿਆ ਹੈ
ਇਸ ਦੀ ਖੋਟ ਭਰੀ ਹੈ
ਇਸ ਦੀ ਧੁੜ ਪੂੰਝੀ ਹੈ
ਇਸ ਦਾ ਹਨੇਰ ਤਰਿਆ ਹੈ
ਇਸ 'ਚ ਵਗਦੀਆਂ ਹਨੇਰੀਆਂ
ਉਠਦੇ ਤੂਫਾਨਾਂ ਤੇ ਝੱਖੜਾਂ ਨੂੰ ਰੋਕਿਆ ਹੈ
ਬੇਦਿਸ਼ਾਵੀ ਤੁਰਦੇ ਕਦਮਾਂ ਨੂੰ ਮੋੜਿਆ ਹੈ
ਬੇਮਾਇਨਾ
ਦ੍ਰਿਸ਼ਟੀਹੀਣ ਸੋਚ ਨੂੰ ਹੋੜਿਆ ਹੈ
- O -
ਇਸ ਦੀ ਦੇਹ 'ਚੋਂ ਸੁੱਕ ਗਏ ਸਾਗਰ
ਭੁਰ ਗਏ ਪਹਾੜ
ਪੱਤਝੜਾਂ ਜਨਮਦੀਆਂ ਬਹਾਰਾਂ ਨੂੰ ਨਿਚੋੜਿਆ ਹੈ
ਇਸ ਦੇ ਪਿੰਡੇ 'ਚ
ਵਰਤਮਾਨ ਦੀ ਸੋਚ ਬੀਜੀ ਹੈ
ਸਮੇਂ ਦੀ ਨਿਰੰਤਰਤਾ ਧਰੀ ਹੈ
ਬੋਧ ਦੇ ਸਾਗਰ ਨਾਲ ਇਸ ਨੂੰ ਜਲ ਥਲ ਕੀਤਾ ਹੈ

ਚੇਤਨਾ ਦੇ ਸੂਰਜ ਮਸਤਕ 'ਚ ਜਗਾਏ ਹਨ
ਕਾਮ ਕ੍ਰੋਧ ਲੋਭ ਮੋਹ ਹੰਕਾਰ ਦੇ ਦੀਵੇ ਬੁਝਾਏ ਹਨ
-0 -
ਇਸ 'ਚੋਂ ਭੂਤ ਤੇ ਭਵਿੱਖ ਦੇ ਅੰਕੁਰ ਮਿਟਾਏ ਹਨ
ਅੱਜ ਦਾ ਚਾਨਣ ਇਸ ਦੇ ਲਹੂ 'ਚ ਤੋਰਿਆ ਹੈ
ਇਹ ਜਦ ਵੀ
ਆਪਣੇ ਆਪ ਨੂੰ ਵੇਖੇ
ਇਸ ਨੂੰ ਵਰਤਮਾਨ ਹੀ ਵਰਤਮਾਨ ਨਜ਼ਰ ਆਵੇ
ਵਰਤਮਾਨ ਦਾ ਪਿੰਡਾ
ਵਰਤਮਾਨ ਦੀ ਰੂਹ ਹੰਢਾਵੇ
ਇਸ ਦਾ ਭੂਤ ਇਸ ਦਾ ਭਵਿੱਖ
ਵਰਤਮਾਨ ਹੋ ਜਾਵੇ
ਇਹ ਆਪਣੇ ਆਪ 'ਚੋਂ ਜਨਮੇ ਤੇ
ਆਪਣੇ ਆਪ 'ਚ ਸਿਮਟ ਜਾਵੇਂ
-0 -
ਮੇਰੀ ਦੇਹ 'ਚ ਬੀਜਿਆ ਵਰਤਮਾਨ
ਜਦ ਭੂਤ ਬਣੇਗਾ ਸੂਰਜਾਂ ਦੀ ਮਾਂ ਜਣੇਗਾ
ਮੇਰਾ ਵਰਤਮਾਨ
ਜਦ ਭਵਿੱਖ 'ਚ ਢਲੇਗਾ
ਨੈਣਾਂ 'ਚ ਧਰਤ ਪਾਏਗਾ ਮੁੱਠ 'ਚ ਅੰਬਰ ਫੜੇਗਾ
ਮੇਰਾ ਵਰਤਮਾਨ ਨਾ
ਭੂਤ ਹੋਏਗਾ ਨਾ ਭਵਿੱਖ ਹੋਏਗਾ
ਬਸ ਵਰਤਮਾਨ ਹੋਏਗਾ
ਉਪਜਾਊ ਧਰਤ ਹੋਵੇਗਾ ਖੁੱਲ੍ਹਾ ਅਸਮਾਨ ਹੋਏਗਾ

# ਸ਼ਬਦ ਤੇ ਅਰਥ

## ਪ੍ਰਭਾਵ ਪਹਿਲਾ :

ਅਰਥ ਪਰਤ ਦਰ ਪਰਤ ਆਪਾ ਉਧੇੜਦਾ ਹੈ
ਆਪਾ ਖੋਲ੍ਹਦਾ ਹੈ
ਆਪਣੀ ਆਖਰੀ ਪਰਤ ਜਦ ਆਪਣੇ ਤੋਂ
ਉਤਾਰਦਾ ਹੈ
ਸ਼ਬਦ ਦਾ ਵਾਕ ਲੈਂਦਾ ਹੈ
ਸ਼ਬਦ ਹੀ ਸ਼ਬਦ ਪੁਕਾਰਦਾ ਹੈ
ਅਰਥ ਨੂੰ ਆਪਣੀ ਦੇਹ 'ਚੋਂ ਸ਼ਬਦ ਦਾ ਬੀਜ
ਨਜ਼ਰ ਆਉਂਦਾ ਹੈ
ਅਰਥ ਰੁੱਖ ਹੋ ਕੇ ਬੀਜ ਦੀ ਜੂਨ ਹੰਢਾਉਂਦਾ ਹੈ
ਆਪਣੀ ਹੋਂਦ ਦਾ ਸੱਚ ਸ਼ਬਦ ਨੂੰ ਸਮਝਾਉਂਦਾ ਹੈ
ਸ਼ਬਦ ਵੱਲ ਅਰਥ ਤੁਰਦਾ ਹੈ
ਸ਼ਬਦ 'ਚ ਉੱਤਰ ਜਾਂਦਾ ਹੈ

- o -

ਸ਼ਬਦ ਬੀਜ 'ਚ ਅਰਥ
ਆਪਣਾ ਰੁੱਖ ਉੱਗਾਉਂਦਾ ਹੈ
ਸ਼ਬਦ ਬੀਜ 'ਚੋਂ ਉੱਗਿਆ ਅਰਥ ਰੁੱਖ
ਸ਼ਬਦ ਬੀਜ ਦੇ ਅਕਾਰ ਤੇ ਸੀਮਾ ਤੋਂ ਲੰਮੇਰਾ ਹੋ ਜਾਂਦਾ ਹੈ
ਸ਼ਬਦ ਬੀਜ ਬਿੰਦੂ ਹੈ ਚੇਤਨਾ ਰਹਿਤ ਹੈ
ਅਰਥ ਚੇਤਨਾ ਹੈ ਦਾਇਰਾ ਹੈ
ਇਸ ਲਈ ਸ਼ਬਦ ਵੱਲ ਤੁਰਦਾ ਹੈ
ਸ਼ਬਦ 'ਚ ਆਪਣਾ ਸੱਚ ਘੋਲਦਾ ਹੈ
ਸ਼ਬਦ ਖੋਲ 'ਚੋਂ ਅਰਥ ਬੋਲਦਾ ਹੈ

- o -

ਅਰਥ ਦਾਇਰਿਆਂ ਦੇ ਦਾਇਰੇ ਦਾ
ਅਕਾਰ ਹੈ
ਸ਼ਬਦ ਝਰੋਖਾ ਹੈ ਅਰਥ ਸੰਚਾਰ ਹੈ
ਸ਼ਬਦ ਦਾ ਖੋਲ ਅਰਥ ਦਾ ਪ੍ਰਮਾਣ ਹੈ
ਅਰਥ ਹੀ ਸ਼ਬਦ ਦੀ ਹੋਂਦ ਹੈ

ਸ਼ਬਦ ਦਾ ਸੱਚ ਹੈ ਸ਼ਬਦ ਦੀ ਜੋਤ ਹੈ
ਅਰਥ ਹੀ ਸ਼ਬਦ ਦਾ ਆਦਿ ਹੈ ਅੰਤ ਹੈ
ਅਰਥ ਸ਼ਬਦ ਦੇ ਖੋਲ 'ਚ ਸਮਾਇਆ ਹੈ
ਸ਼ਬਦ ਦੇ ਚਿਹਰੇ 'ਚੋਂ ਅਰਥ ਉੱਗ ਆਇਆ ਹੈ
-o -
ਬੀਜ ਸ਼ਬਦ ਚੇਤਨਾ ਰਹਿਤ ਹੈ
ਇਸ ਲਈ ਅਰਥ ਤੋਂ ਅਣਜਾਣ ਹੈ
ਸ਼ਬਦ ਲਈ ਅਰਥ ਪਰਾਇਆ ਹੈ
ਸ਼ਬਦ ਨੂੰ ਆਪਣਾ ਪ੍ਰਯੋਜਨ ਸਮਝ ਨਾ
ਆਇਆ ਹੈ
ਸ਼ਬਦ ਨੇ ਆਪਣਾ ਜੀਵਣ
ਲੋਅ ਬਿੰਨ ਗੁਆਇਆ ਹੈ
ਆਪਣੇ ਵਿਚਲਾ ਸੱਚ ਆਪਣਾ ਮੂਲ
ਨਾ ਡਿੱਠਾ ਨਾ ਪਾਇਆ ਹੈ
ਨਾ ਆਪਣੇ ਅਰਥ 'ਚ ਉਤਰਨ ਦੀ
ਸਮਰੱਥਾ ਹੈ
ਨਾ ਆਪਣੇ ਆਪ 'ਚ ਸਮਾਇਆ ਹੈ
ਸ਼ਬਦ ਦੇ ਖੋਲ 'ਚ ਕਿਸ ਦੀ ਲੋਅ ਹੈ
ਸ਼ਬਦ ਨੇ ਜਾਤਾ ਨਹੀਂ
ਸ਼ਬਦ ਨੇ ਆਪਣਾ ਆਪ ਪਹਿਛਾਤਾ ਨਹੀਂ
-o -
ਅਰਥ ਕਦਮ ਦਰ ਕਦਮ
ਸ਼ਬਦ 'ਚ ਉਤਰਦਾ ਹੈ
ਆਪਣੇ ਆਦਿ ਤੋਂ ਅੰਤ ਤੱਕ ਦਾ ਸੱਚ
ਸ਼ਬਦ 'ਚ ਘੋਲਦਾ ਹੈ
ਅਰਥ ਸ਼ਬਦ ਨੂੰ
ਆਪਣੀ ਦੇਹ ਦੇ ਆਰ ਪਾਰ ਵਿਸਥਾਰਦਾ ਹੈ
ਅਰਥ ਸ਼ਬਦ ਜਿਉਂਦਾ ਹੈ
ਸ਼ਬਦੀ ਖੋਲ 'ਚ ਵਿਚਰਦਾ ਹੈ

ਖੋਲ 'ਚ ਅਰਥ ਸੱਚ ਨੂੰ ਬੀਜਦਾ ਹੈ
-o -
ਸੱਚ ਦਾ ਚਾਨਣ
ਸ਼ਬਦ ਦੇ ਜਿਸਮ 'ਚ ਤੁਰਦਾ ਹੈ
ਅਰਥ ਦੇ ਚਿਹਰੇ ਤੇ
ਸ਼ਬਦ ਦੇ ਨੈਣ ਨਕਸ਼ ਉੱਗ ਆਉਂਦੇ ਹਨ
ਸ਼ਬਦ ਦੀ ਹੋਂਦ ਹੋ ਜਾਂਦਾ ਹੈ
ਅਰਥ ਆਪਣੀ ਹੀ ਹੋਂਦ ਭੁੱਲ ਜਾਂਦਾ ਹੈ
ਸ਼ਬਦ ਦੀ ਹੋਂਦ ਹੋ ਜਾਂਦਾ ਹੈ
ਅਰਥ ਦੀ ਅੱਖ 'ਚ ਸ਼ਬਦ ਦਾ ਵਜ਼ੂਦ ਡੁੱਲਦਾ ਹੈ
ਅਰਥ ਆਪਣਾ ਵਜ਼ੂਦ ਵਿਸਾਰਦਾ ਹੈ
ਸ਼ਬਦ ਦੇ ਜਿਸਮ 'ਚ ਘੁਲਦਾ ਹੈ
-o -
ਸ਼ਬਦ ਬੀਜ ਚੇਤਨਾ ਰਹਿਤ ਹੈ
ਇਸ ਲਈ ਅਰਥ ਸ਼ਬਦ ਵੱਲ ਤੁਰਦਾ ਹੈ
ਗਤੀਸ਼ੀਲ ਰਹਿੰਦਾ ਹੈ
ਸ਼ਬਦ ਦੇ ਪਿੰਡੇ 'ਚੋਂ ਆਪਾ ਉੱਗਾਂਦਾ ਹੈ
ਨੂਰ ਬਣਕੇ ਸ਼ਬਦ 'ਚ ਫੈਲਦਾ ਹੈ
ਸ਼ਬਦ ਦਾ ਪਿੰਡਾ ਅਰਥ ਹੀ ਅਰਥ ਬੋਲਦਾ ਹੈ
ਅਰਥ ਦਾ ਸੱਚ
ਅਰਥ ਤੋਂ ਸ਼ਬਦ ਦੇ ਦੁਆਰ ਤੱਕ ਜਾਂਦਾ ਹੈ
ਸ਼ਬਦ ਦਾ ਜਿਸਮ ਮੰਦਰ ਹੋ ਜਾਂਦਾ ਹੈ
ਮੰਦਰ 'ਚ ਅਰਥ
ਆਪਣੀ ਲੋਅ ਦੇ ਦੀਵੇ ਜਗਾਉਂਦਾ ਹੈ
ਅਰਥ ਸ਼ਬਦ ਦਾ ਭਗਵਾਨ ਹੈ
ਸ਼ਬਦ ਦੀ ਪਵਿੱਤਰਤਾ ਦਾ ਸਥਾਨ ਹੈ

## ਸ਼ਬਦ ਤੇ ਅਰਥ

### ਪ੍ਰਭਾਵ ਦੂਜਾ :

ਹਰ ਇਕ ਮਨੁੱਖ ਸ਼ਬਦ ਹੈ
ਬੀਜ ਸ਼ਬਦ ਵਾਂਗ ਚੇਤਨਾਹੀਣ ਨਹੀਂ
ਬੌਧਿਕ ਹੈ ਚੇਤਨ ਹੈ
- o -
ਮਨੁੱਖ ਬੌਧਿਕ ਤੇ ਚੇਤਨ ਹੁੰਦਿਆਂ ਵੀ
ਆਪਣੇ ਅਰਥ ਤੋਂ ਅਣਜਾਣ ਹੈ
ਨਾ ਆਪਣੇ ਆਪ ਤੋਂ ਵਾਕਿਫ਼ ਹੈ
ਨਾ ਮਨੁੱਖ ਨੂੰ ਆਪਣੇ ਅਰਥ ਦੀ ਪਹਿਚਾਣ ਹੈ
- o -
ਮਨੁੱਖ ਨੇ ਅਰਥ ਦੇ ਸੱਚ ਨੂੰ
ਨਿਗੂਣੀ ਦੇਹ ਦਾ ਕਵਚ ਪਹਿਨਾ ਰੱਖਿਆ ਹੈ
ਅਰਥ ਦੀ ਸਰਦਲ ਤੇ
ਨਿਗੂਣੀ ਦੇਹ ਦਾ ਦੀਵਾ ਜਗਾ ਰੱਖਿਆ ਹੈ
ਆਪਣਾ ਊਣਾਪਣ ਸਮਝ ਨਾ ਸਕਿਆ
ਨਾ ਭਰ ਹੀ ਸਕਿਆ ਹੈ
ਸੱਚ ਦੇ ਦਰਪਣ 'ਚ ਆਪਣਾ ਕੂੜਾ
ਆਪਣਾ ਊਣਾਪਣ ਸਜਾ ਰੱਖਿਆ ਹੈ
- o -
ਚੇਤਨ ਬੁੱਧ ਹੁੰਦਿਆਂ ਵੀ
ਆਪਣੇ ਅੰਤਰਹੀਣ ਸੱਚ ਲਈ ਅੱਖਾਂ ਮੀਚ
ਰੱਖੀਆਂ ਹਨ
ਆਪਣੇ ਦਿਖਾਵੇ ਲਈ
ਆਪਣੀਆਂ ਅੱਖਾਂ 'ਚ
ਅਹਿਮ ਤੇ ਹੰਕਾਰ ਦੇ ਸੂਰਜ ਬਾਲ ਰੱਖੇ ਨੇ
ਚੇਤਨ ਹੁੰਦਿਆਂ ਵੀ
ਮਨੁੱਖ ਨੇ ਆਪਣੇ ਅੰਦਰ ਹਨੇਰੇ ਉਤਾਰ ਰੱਖੇ ਨੇ
ਮਨੁੱਖ ਆਪਣੇ ਅੰਦਰਲੇ ਦੇ
ਨਾ ਰੂ-ਬ-ਰੂ ਹੋਇਆ

ਨਾ ਆਪਣੇ ਸੱਚ ਤੋਂ ਆਪਣੀ ਦੇਹ ਨੂੰ
ਉਤਾਰਿਆ
ਨਾ ਭੱਖਿਆ ਅੱਗ ਦੇ ਵਾਂਗੂੰ
ਨਾ ਆਪਣਾ ਆਪ ਹੀ ਠਾਰਿਆ
ਨਾ ਆਪਣੇ ਅੰਦਰ ਹੀ ਉਤਰਿਆ
ਨਾ ਆਪਣੇ ਆਪ 'ਚ ਆਪਾ ਹੀ ਉਤਾਰਿਆ
ਨਾ ਜੀਵਿਆ ਆਪਣਾ ਆਪਾ
ਨਾ ਆਪਣਾ ਆਪਾ ਹੀ ਮਾਰਿਆ
ਨਾ ਦੇਹ ਦੀ ਸੀਮਾ ਹੀ ਟੱਪ ਸਕਿਆ
ਨਾ ਸੱਚ ਸਾਹਵੇਂ ਖਲੋ ਸਕਿਆ
ਚੇਤਨ ਹੁੰਦਿਆਂ ਵੀ ਮਨੁੱਖ
ਨਾ ਸੱਚ ਦਾ ਹੀ ਹੋ ਸਕਿਆ
ਨਾ ਆਪਣਾ ਹੀ ਹੋ ਸਕਿਆ
- O -
ਮਨੁੱਖ ਸ਼ਬਦ ਵਾਂਗ ਨਿਰਜੀਵ ਨਹੀਂ
ਜੀਵ ਹੈ
ਜੇ ਮਨੁੱਖ ਆਪਣੇ ਅਰਥ ਦੇ ਸੱਚ ਵੱਲ ਤੁਰਦਾ
ਅਰਥ ਦੀ ਲੋਅ ਤੋਂ ਆਪਣਾ ਖੋਲ ਉਤਾਰਦਾ
ਅਰਥ ਦੇ ਸੱਚ 'ਚ ਵਿਚਰਦਾ
ਜੀਵਨ ਦੇ ਸੱਚ 'ਚ ਅਰਥ ਦਾ ਸੱਚ ਬੀਜਦਾ
ਆਪਣੀ ਸੀਮਾ ਤੋਂ ਮੁਕਤ ਹੁੰਦਾ
ਅਰਥ ਦੀ ਸੀਮਾ 'ਚੋਂ ਬੋਲਦਾ
- O -
ਮਨੁੱਖ ਦੇਹ ਦੀ ਪ੍ਰਕਿਰਤੀ ਤਿਆਗਦਾ
ਪ੍ਰਕਿਰਤੀ ਦਾ ਅਕਾਰ ਅਰਥ ਦਾ ਸੱਚ
ਆਪਣੀ ਦੇਹ 'ਚ ਉਤਾਰਦਾ
ਆਪਣੀ ਧਰਤੀ ਸਿਰਜਦਾ
ਆਪਣਾ ਅੰਬਰ ਉਸਾਰਦਾ
ਅਰਥ ਦਾ ਨੂਰ ਹੋ

ਸਰਿਸ਼ਟੀ ਪ੍ਰਕਿਰਤੀ ਤੇ ਮਨੁੱਖਤਾ
'ਚ ਵਿਚਰਦਾ
ਆਪਣੀ ਨੁਹਾਰ ਬਦਲਦਾ
ਨਵੀਂ ਦੁਨੀਆਂ ਸਿਰਜਦਾ
- 0 -
ਮਨੁੱਖ ਜੇ ਅਰਥ ਦਾ ਸੱਚ ਸਮਝਦਾ
ਅੰਬਰ ਨਜ਼ਰਾਂ 'ਚ ਜਿਉਂਦਾ
ਸਾਗਰ ਕੰਠ 'ਚ ਉਤਾਰਦਾ
ਆਪਣੇ ਬਿੰਦੂਆਂ 'ਚੋਂ
ਦਾਇਰੇ ਉਸਾਰਦਾ
ਆਪਣੇ ਅਰਥ ਦਾ ਚਾਨਣ
ਅਕਾਸ਼ਾਂ ਪਤਾਲਾਂ ਧਰਤੀਆਂ ਚੰਨਾਂ
ਸੂਰਜਾਂ ਤਾਰਿਆਂ 'ਚ ਖਿਲਾਰਦਾ
ਅੰਬਰੀ ਸਵਰਗ ਧਰਤੀ ਤੇ ਉਤਾਰਦਾ
- 0 -
ਮਨੁੱਖ ਜੋ ਆਪੇ 'ਚ ਗੁਆਚਾ ਵੀ ਚੇਤਨ ਹੈ
ਗੁੰਮਨਾਮੀ ਦੇ ਦਾਇਰੇ 'ਚੋਂ
ਬਾਹਰ ਨਿਕਲਣ ਲਈ ਕਾਹਲਾ ਹੈ
ਮਨੁੱਖ ਆਪਣੇ ਸੱਚ ਵੱਲ ਤੁਰਦਾ ਹੈ
ਮਨੁੱਖੀ ਦੇਹ 'ਚ ਸੱਚ ਦਾ ਉਜਾਲਾ ਹੈ
ਮਨੁੱਖ ਚੇਤਨ ਹੈ
ਸੱਚ ਵੱਲ ਕਦਮ ਪੁੱਟਦਾ ਹੈ
ਹਨੇਰੇ ਤੋਂ ਚਾਨਣ ਵੱਲ ਤੁਰਦਾ ਹੈ
- 0 -
ਸ਼ਬਦ ਬੀਜ ਚੇਤਨਾ ਰਹਿਤ ਹੈ
ਇਸ ਲਈ ਅਰਥ ਦਾ ਸੱਚ ਸ਼ਬਦ ਵੱਲ
ਤੁਰਦਾ ਹੈ
ਮਨੁੱਖ ਮੌਸਮਾਂ ਦੇ ਨਕਸ਼ ਬਣ ਉੱਗਦਾ ਹੈ
ਬਹਾਰਾਂ ਦੀਆਂ ਗਤੀਆਂ ਖੁਸ਼ਬੂਆਂ

ਬਣ ਫੈਲਦਾ ਹੈ
ਵੀਰਾਨ ਜ਼ਿੰਦਗੀ ਦੇ ਵਿਹੜੇ
ਗੁਲਸ਼ਨ ਬੀਜਦਾ ਹੈ
ਮਨੁੱਖ 'ਚੋਂ ਮਨੁੱਖ ਦਾ ਸੱਚ ਜਨਮਦਾ ਹੈ
ਸੂਰਜ ਦੀਆਂ ਕਿਰਨਾਂ ਚੰਨ ਦੀਆਂ ਰਿਸ਼ਮਾਂ
ਤਾਰਿਆਂ ਦੀ ਲੋਅ ਮਨੁੱਖਤਾ 'ਚ ਉਤਾਰਦਾ ਹੈ
ਨੂਰ ਦਾ ਸੂਰਜ ਬਣਕੇ ਉੱਗਦਾ ਹੈ
ਚਾਨਣ ਧਰਤੀ ਤੇ ਛਿੜਕਦਾ ਹੈ
ਕਿਰਨਾਂ ਅੰਬਰ 'ਚ ਖਿਲਾਰਦਾ ਹੈ
- 0 -
ਨਵੀ ਦੁਨੀਆਂ ਸੂਰਜ ਚੰਨ ਤਾਰੇ
ਨਵੀਂ ਧਰਤੀ ਦਾ ਅਗਾਜ਼ ਹੈ ਮਨੁੱਖ
ਧਰਤੀ ਦੀ ਕੁੱਖ ਦੀ ਮਹਿਕ ਹੈ
ਅੰਬਰ ਦੀ ਅਵਾਜ਼ ਹੈ ਮਨੁੱਖ
ਪ੍ਰਕਿਰਤੀ ਦਾ ਮੁੱਖੜਾ ਹੈ
ਮੌਸਮਾਂ ਦਾ ਸਾਜ਼ ਹੈ ਮਨੁੱਖ
ਆਪਣਾ ਸੱਚ ਜਾਣਨ ਲਈ
ਆਪਣਾ ਹੀ ਮੁਥਾਜ਼ ਹੈ ਮਨੁੱਖ
ਜੇ ਆਪਣੇ ਅਰਥ ਨੂੰ ਸਮਝਦਾ ਮਨੁੱਖ
ਅਰਥ ਦੀ ਲੋਅ ਹੁੰਦਾ ਲੋਅ ਦਾ ਪ੍ਰਕਾਸ਼ ਹੁੰਦਾ
ਜ਼ਿੰਦਗੀ ਦੀ ਨੁਹਾਰ ਬਦਲਦੀ
ਧਰਤੀ ਆਪਣੀ ਕੁੱਖ 'ਚੋਂ
ਅਕਾਸ਼ ਚੰਨ ਸੂਰਜ ਤਾਰੇ ਜਨਮਦੀ
ਮਨੁੱਖ ਮਨੁੱਖਤਾ 'ਚ ਸਮਾ ਜਾਂਦਾ
ਅੰਬਰ ਦਾ ਨੂਰ ਧਰਤੀ ਤੇ ਆ ਜਾਂਦਾ
ਮਨੁੱਖਤਾ ਜਗਦੀ ਵਿਸ਼ਵ ਰੁਸ਼ਨਾ ਜਾਂਦਾ

# ਸਫ਼ਰ

ਹਰ ਸਫ਼ਰ ਪਹਿਲੇ ਕਦਮ ਨਾਲ ਜਨਮਦਾ ਹੈ
ਸਫ਼ਰ ਨਿੱਘ ਦਾ, ਅੱਗ ਜਲ ਜੰਗਲ ਜਾਂ
ਥਲ ਦਾ ਹੋਵੇ
ਸਫ਼ਰ ਤਾਂ ਸਫ਼ਰ ਹੁੰਦਾ ਹੈ
- 0 -
ਨਿੱਘ ਦੇ ਸਫਰ 'ਚ ਕਈ ਵਾਰੀ
ਕੰਡ ਤੇ ਅਜ਼ਨਬੀ ਅੱਖਾਂ ਉੱਗ ਆਉਂਦੀਆਂ ਹਨ
ਅੱਖਾਂ 'ਚ ਅਵਾਰਗੀ ਤੈਰਦੀ ਹੈ
ਪੈਰਾਂ 'ਚੋਂ ਜਨਮਦੀ ਹੈ
ਕੋਈ ਅੱਥਰੀ ਹਵਾ ਸਾਹਾਂ 'ਚ ਘੋਲਦੀ ਹੈ
ਮਸਤਕ 'ਚ ਠਹਿਰਦੀ ਹੈ
ਜਦ ਅੱਖਾਂ ਮੀਚਦੀ ਹੈ ਤਾਂ ਰਾਤ ਹੁੰਦੀ ਹੈ
ਜਦ ਅੱਖ ਖੋਲਦੀ ਹੈ ਤਾਂ ਪ੍ਰਭਾਤ ਹੁੰਦੀ ਹੈ
ਜਦ ਚੁੱਪ ਤੋੜਦੀ ਹੈ
ਬਹਾਰਾਂ ਮੌਸਮਾਂ 'ਚ ਖੁਸ਼ਬੂਆਂ ਘੋਲਦੀ ਹੈ
ਫੁੱਲ ਖਿੜਦੇ ਹਨ ਕਲੀਆਂ
ਮਹਿਕਦੀਆਂ ਹਨ
ਸਰਘੀ ਦੀਆਂ ਚਿੜੀਆਂ ਚਹਿਕਦੀਆਂ ਹਨ
ਸੂਰਜ ਕੋਲ ਕਿਰਨਾਂ ਦੀ
ਧਰਤੀ ਲਈ ਸੌਗਾਤ ਹੁੰਦੀ ਹੈ
ਕਹਾਣੀ ਅਜ਼ਨਬੀ ਨੈਣਾਂ ਦੀ
ਬੜੀ ਹੀ ਬਾਤ ਹੁੰਦੀ ਹੈ
- 0 -
ਕੰਡ ਤੇ ਉੱਗੀਆਂ ਅੱਖਾਂ ਦਾ ਚਿਹਰਾ
ਜਦ ਦੀਦਾਰ ਦਿੰਦਾ ਹੈ
ਆਪਣੇ ਹੁਸਨ ਦੀ ਗ਼ਰਮੀ
ਇਸ਼ਕ ਦੀ ਰਗ ਰਗ 'ਚ ਢਾਲ ਦਿੰਦਾ ਹੈ
ਪੌਣਾਂ 'ਚ ਖੁਸ਼ਬੂ ਘੋਲਦਾ ਹੈ
ਤਪਦੇ ਦਿਲਾਂ ਨੂੰ ਠਾਰ ਦਿੰਦਾ ਹੈ

ਸਾਗਰ 'ਚ ਅੱਗ ਉਤਾਰ ਦਿੰਦਾ ਹੈ
ਕੋਈ ਹੀਰ ਰਾਂਝੇ ਦੇ ਨੈਣਾਂ 'ਚੋਂ ਜਨਮਦੀ ਹੈ
ਕੋਈ ਸੱਸੀ ਪੁਨੂੰ ਦੀ ਅੱਗ 'ਚ ਝੁਲਸਦੀ ਹੈ
ਕੋਈ ਸਾਹਿਬਾਂ ਮਾਂ ਜਾਇਆਂ ਲਈ
ਆਪਣਾ ਪਿਆਰ ਕੁਰਬਾਨ ਕਰਦੀ ਹੈ
ਕੋਈ ਸੋਹਣੀ ਕੱਚੇ ਤੇ ਤਰਦੀ ਡੁੱਬ ਜਾਂਦੀ ਹੈ
ਇਸ਼ਕ 'ਚ ਪੁੱਗ ਜਾਂਦੀ ਹੈ
ਅੱਗ ਦੇ ਸਾਗਰ 'ਚ ਜਲ ਦੇ ਫੁੱਲ ਖਿੜਦੇ ਹਨ
ਜਦ ਕੁਆਰੇ ਨੈਣ ਮਿਲਦੇ ਹਨ
ਜੁਆਨੀ ਨੂੰ
ਆਪਣੀ ਖੁਸ਼ਬੂ ਤੇ ਨਿੱਘ ਦਾ ਅਹਿਸਾਸ ਹੁੰਦਾ ਹੈ
ਹਜ਼ਾਰਾਂ ਚਿਹਰਿਆਂ ਦੇ ਸਾਗਰ 'ਚ
ਉਹ ਅਜ਼ਨਬੀ ਚਿਹਰਾ ਹੀ ਦਿਲ ਦੇ ਪਾਸ
ਹੁੰਦਾ ਹੈ
- O -
ਅੱਗ ਦੇ ਸਫ਼ਰ 'ਚ
ਛਾਲਿਆਂ ਦਾ ਜੰਗਲ ਪਿੰਡੇ ਤੇ ਉੱਗ
ਆਉਂਦਾ ਹੈ
ਜੋ ਝੁਲਸ ਕੇ ਮਰਦਾ ਹੈ
ਉਹ ਹੀ ਇਸ ਸਫ਼ਰ 'ਚ ਪੁੱਗਦਾ ਹੈ
ਉਸ ਦੀ ਰਾਖ 'ਚੋਂ
ਪਿਆਰ ਦਾ ਇੱਕ ਰੁੱਖ ਉੱਗਦਾ ਹੈ
ਜਿਸ ਨੂੰ ਚੰਨਾਂ ਤਾਰਿਆਂ ਤੇ ਸੂਰਜਾਂ ਦੇ ਫੁੱਲ
ਆਉਂਦੇ ਹਨ
ਜਿਸ ਦੀਆਂ ਟਾਹਣੀਆਂ ਤੇ ਮਿੱਟੀ ਦੇ ਪੰਛੀ
ਸੋਨੇ ਦਾ ਆਲ੍ਹਣਾ ਪਾਉਂਦੇ ਹਨ
ਉਹ ਰੁੱਖ ਦਿਨ ਰਾਤ ਜਗਦਾ ਹੈ
ਕਿਸੇ ਨੂੰ ਅਜਨਬੀ ਨਹੀਂ ਆਪਣਾ ਲਗਦਾ ਹੈ
- O -

ਜਲ ਦਾ ਸਫ਼ਰ
ਆਪਣੀ ਅੰਦਰਲੀ ਅੱਗ ਮਾਰਨ ਤੋਂ
ਬਾਅਦ ਦਾ ਸਫ਼ਰ ਹੈ
ਇਹ ਜਿਉਂਦੀ ਜਾਗਦੀ ਕਬਰ ਹੈ
ਪਲ ਪਲ ਪਿੱਛੋਂ ਮਰਦਾ ਹੈ ਆਦਮੀ
ਸਮੁੰਦਰ ਚਿਹਰਿਆਂ ਦਾ
ਬਿਨ ਬੇੜੀਉਂ ਤਰਦਾ ਹੈ ਆਦਮੀ
ਆਪਣੀ ਸ਼ਕੱਸਤ ਆਪਣੇ ਚਿਹਰੇ ਤੇ
ਜਰਦਾ ਹੈ ਆਦਮੀ
ਅੱਗ ਦੇ ਭਾਂਬੜ ਨੂੰ ਅਰਘਾ ਜਲ
ਦਾ ਕਰਦਾ ਹੈ ਆਦਮੀ
ਆਪਣੇ ਜੀਵਨ ਗੁਜ਼ਰ ਲਈ
ਸਿਰ ਤਲੀ ਤੇ ਧਰਦਾ ਹੈ ਆਦਮੀ
- o -
ਜਲ ਦਾ ਸਫ਼ਰ ਜਦ ਕਰਦਾ ਹੈ ਆਦਮੀ
ਲੋਕਾਂ ਦੀ ਭੀੜ ਤੋਂ ਵੱਖਰਾ ਚਲਦਾ ਹੈ ਆਦਮੀ
ਜ਼ਿੰਦਗੀ 'ਚ ਫ਼ੁੱਲ ਬਹਾਰਾਂ ਮੌਸਮ ਉੱਗਾਣ ਦਾ
ਮੁੱਲ ਭਰਦਾ ਹੈ ਆਦਮੀ
ਧਰਤੀ ਤੇ ਘਾਹ ਦੀ ਹੋਂਦ ਜਿਉਂਦਾ ਹੈ
ਆਦਮੀਅਤ 'ਚ ਏਨਾ ਗੁਆਚ ਜਾਂਦਾ ਹੈ
ਲੋਕਾਂ ਦੇ ਪੈਰਾਂ ਦੀ ਧੂੜ ਬਣਦਾ ਹੈ ਆਦਮੀ
ਆਪਣਾ ਸਿਰ ਮਨੁੱਖਤਾ ਦੇ ਪੈਰੀਂ ਧਰਦਾ ਹੈ ਆਦਮੀ
ਸੱਚ ਬੀਜਦਾ ਸੱਚ ਜਨਮਦਾ
ਸੱਚ ਲਈ ਮਰਦਾ ਹੈ ਆਦਮੀ
- o -
ਤੱਤੀਆਂ ਤਵੀਆਂ ਤੇ ਬਹਿੰਦਾ ਹੈ
ਦੇਗਾਂ 'ਚ ਉਬਲਦਾ ਹੈ
ਬੰਦ ਬੰਦ ਕਟਵਾਉਂਦਾ ਹੈ
ਆਰਿਆਂ ਨਾਲ ਸੀਸ ਚਿਰਵਾਉਂਦਾ ਹੈ

ਝੂਠ ਦੀਆਂ ਨੀਂਹਾਂ 'ਚ ਸੱਚ ਚਿਣਵਾਉਂਦਾ ਹੈ
ਚਮਕੌਰ 'ਚ ਡੁੱਲ੍ਹਦਾ ਹੈ ਸੱਚ ਦਾ ਲਹੂ
ਮਾਛੀਵਾੜੇ 'ਚ
ਮਿੱਤਰ ਪਿਆਰੇ ਨੂੰ ਆਪਣਾ ਹਾਲ ਸੁਣਾਉਂਦਾ ਹੈ
ਤਖ਼ਤਾਂ ਤਾਜਾਂ ਦੇ ਵਾਰਸਾਂ ਦੀ
ਅੱਖ 'ਚ
ਸੱਚ ਖਾਤਿਰ ਸੀਸ ਕਟਵਾਉਂਦਾ ਹੈ
ਜਲ ਦਾ ਸਫ਼ਰ ਜਦ ਕਰਦਾ ਹੈ ਆਦਮੀ
ਆਪਣੀ ਮੌਤ ਤਲੀ ਤੇ ਧਰਦਾ ਹੈ ਆਦਮੀ
- 0 -
ਜੰਗਲ ਦੇ ਸਫ਼ਰ 'ਚ
ਜੰਗਲ ਨੂੰ ਜਦ ਆਦਮੀ ਵਿਚਲਾ
ਜਾਨਵਰ ਨਜ਼ਰ ਆਉਂਦਾ ਹੈ
ਜੰਗਲ ਦਾ ਚਿਹਰਾ ਜ਼ਰਦ ਹੁੰਦਾ ਹੈ
ਜੰਗਲ ਆਪਣੀ ਜਾਨ ਬਚਾਉਂਦਾ ਹੈ
ਜੰਗਲ ਦਾ ਸਾਹ ਸਰਦ ਹੁੰਦਾ ਹੈ
ਆਦਮੀ ਆਪਣੇ ਵਿਚਲੇ ਆਦਮੀ ਦੀ
ਲਾਸ਼ ਤੇ ਬੈਠਾ
ਜਦ ਦੁਆਲੇ ਝਾਕਦਾ ਹੈ
ਸ਼ੇਰ ਤੋਂ ਸਹੇ ਤਕ ਜੰਗਲ ਦਾ ਹਰ ਜਾਨਵਰ
ਆਦਮੀ ਦੀ ਬੂ ਤੋਂ ਡਰਦਾ ਭੱਜਦਾ ਹੈ
- 0 -
ਆਦਮੀ ਦਾ ਕਦਮ ਜਦ ਜੰਗਲ 'ਚ ਪੈਂਦਾ ਹੈ
ਜੰਗਲ ਦੀ ਹਵਾ ਜੰਗਲ ਤੋਂ ਬਨਵਾਸ ਲੈਂਦੀ ਹੈ
ਫੁੱਲਾਂ 'ਚੋਂ ਖੁਸ਼ਬੂ ਤੇ ਰੰਗ ਨੁਚੜਦੇ ਹਨ
ਜੰਗਲ ਤੇ ਜੰਗਲੀ ਜਾਨਵਰ
ਮਨੁੱਖ ਦੇ ਡਰ ਤੋਂ ਘੁੱਠਾਂ 'ਚ ਸੁੰਘੜਦੇ ਹਨ
ਪੰਛੀਆਂ ਦੇ ਕੰਠਾਂ 'ਚ ਲੋਹਾ ਢਲ ਜਾਂਦਾ ਹੈ
ਪ੍ਰਵਾਜ਼ ਝੁਲਸ ਜਾਂਦਾ ਹੈ

ਜੰਗਲ ਦਾ ਹਰ ਜੀਵ ਜੰਤੂ
ਮਨੁੱਖ ਦੇ ਭੈਅ 'ਚ ਉਲਝ ਜਾਂਦਾ ਹੈ
- o -
ਆਦਮੀ ਦੀ ਬੂ ਜਦ ਜੰਗਲ 'ਚ
ਫੈਲਦੀ ਹੈ
ਰੁੱਖਾਂ ਦੇ ਤਣਿਆਂ 'ਚੋਂ ਅੱਗ ਸਿੰਮਦੀ ਹੈ
ਰੁੱਖਾਂ ਦੀ ਛਾਂ ਧੁੱਖਦੀ ਹੈ
ਰੁੱਖਾਂ ਦੇ ਪਿੰਡੇ 'ਚ ਮੌਤ ਠਹਿਰ ਜਾਂਦੀ ਹੈ
ਰੁੱਖ ਤੁਰਨ ਲਈ ਮੁਥਾਜ਼ ਹੁੰਦਾ ਹੈ
ਜੰਗਲ ਛੱਡ ਨਹੀਂ ਸਕਦਾ
ਆਦਮੀ ਦੀ ਬੂ 'ਚ ਸੜ ਜਾਂਦਾ ਹੈ ਬਲ ਜਾਂਦਾ ਹੈ
ਆਦਮੀ ਦੀ ਬੂ ਜੰਗਲ ਖਾ ਜਾਂਦੀ ਹੈ
ਧਰਤੀ ਦੀ ਹਿੱਕ ਤੇ ਜੰਗਲ ਦੀ ਰਾਖ ਦੀ
ਢੇਰੀ ਲਾ ਜਾਂਦੀ ਹੈ
ਜੰਗਲੀ ਜਾਨਵਰ ਮਨੁੱਖ ਤੋਂ ਡਰਦੇ ਹਨ
ਕਿਉਂਕਿ ਮਨੁੱਖ ਨੇ ਉਨ੍ਹਾਂ ਦੇ ਘਰ ਜਲਾਏ ਹਨ
ਜੰਗਲ ਦੀ ਦੇਹ 'ਚੋਂ ਕੱਚ ਦੇ ਨਗਰ ਉੱਗਾਏ ਹਨ
ਜੰਗਲੀ ਜਾਨਵਰ ਲੂਹੇ ਹਨ ਹਰਿਆਵਲ ਸਾੜੀ ਹੈ
ਜੰਗਲ 'ਚੋਂ ਕੱਚ ਦੇ ਜੰਗਲ਼ ਦੀ ਦੁਨੀਆਂ ਉਸਾਰੀ ਹੈ
ਜੰਗਲ ਲਈ ਸਭ ਤੋਂ ਖਤਰਨਾਕ ਦਰਿੰਦਾ ਜਾਨਵਰ
ਆਦਮੀ ਹੈ
ਖੂੰਖਾਰ ਭੇੜੀਆ ਹੈ
ਤੇ ਜੰਗਲ ਦਾ ਕਾਤਲ ਆਦਮੀ ਹੈ
- o -
ਥਲ ਦਾ ਸਫ਼ਰ
ਮਨੁੱਖ ਦੀ ਪਿਆਸ ਦਾ ਸਫ਼ਰ ਹੈ
ਸਮੁੰਦਰ ਦੀ ਇੱਛਾ ਬੱਦਲ ਦੀ ਆਸ ਦਾ ਸਫ਼ਰ ਹੈ

ਹਰਿਆਵਲ ਲਈ ਅੱਖਾਂ
ਪੰਛੀਆਂ ਦੇ ਗੀਤ ਲਈ ਕੰਨ ਤਰਸਦੇ ਹਨ
ਬੱਦਲ ਦੀ ਛਾਂ ਲਈ
ਤਪਦੀ ਧਰਤ ਦੀਆਂ ਅੱਖਾਂ ਅਕਾਸ਼ ਤੇ ਟੰਗੀਆਂ ਹਨ
ਸੂਰਜਾਂ ਦੇ ਸੇਕ 'ਚ ਰੇਤ ਦੀ ਦੇਹ ਨੁਚੜੀ ਹੈ
ਇਕ ਬੂੰਦ ਲਈ ਸਹਿਰਾ ਦੀ ਧਰਤੀ
ਪਰਤ ਦਰ ਪਰਤ ਉਧੜੀ ਹੈ
- 0 -
ਮਨੁੱਖ ਨੇ ਸਹਿਰਾ ਦੀ ਧਰਤੀ ਨੂੰ
ਹਰੇ ਭਰੇ ਜੀਵਨ ਨਾਲ ਗਰਭਤ ਕਰਨਾ ਹੈ
ਸਮੁੰਦਰ ਦਾ ਵੀਰਯ ਥਲ ਦੀ ਗਰਭ 'ਚ ਧਰਨਾ ਹੈ
ਕਿ ਸਹਿਰਾ ਦੇ ਮੂੰਹ ਤੇ ਰੌਣਕ ਆ ਸਕੇ
ਥਲ ਦੇ ਪਿੰਡੇ 'ਚੋਂ ਜੀਵਨ ਪੁੰਗਰ ਸਕੇ
ਥਲ ਦੇ ਮੂੰਹ ਤੇ ਉੱਗਿਆ ਰੇਤ ਦਾ ਜੰਗਲ
ਬਹਾਰਾਂ ਮੌਸਮਾਂ ਫੁੱਲਾਂ ਪੱਤੀਆਂ ਦੇ ਗੀਤ ਗਾ ਸਕੇ
ਥਲ ਆਪਣੇ ਪਿੰਡੇ 'ਚ ਖੂਹ ਤੇ ਖੂਹੀਆਂ ਉੱਗਾ ਸਕੇ
ਪਿਆਸੀ ਪੌਣ ਦੀ ਪਿਆਸ ਬੁਝਾ ਸਕੇ
- 0 -
ਸਹਿਰਾ 'ਚ ਵਗਦੀਆਂ ਹਨੇਰੀਆਂ ਦੇ ਸੀਨੇ ਠਰਨ
ਥਲ ਆਪਣੇ ਸੀਨੇ 'ਚ ਹਰਾ ਕਚੂਰ ਜੰਗਲ ਧਰੇ
ਥਲ 'ਚ ਪੰਛੀਆਂ ਰੁੱਖਾਂ ਤੇ ਮਨੁੱਖਾਂ ਦਾ ਵਸੇਰਾ ਹੋ ਸਕੇ
ਥਲ ਦਾ ਸਫ਼ਰ ਪਿਆਸ ਦਾ ਸਫ਼ਰ ਹੈ
ਸਮੁੰਦਰ ਦੀ ਇੱਛਾ ਬੱਦਲ ਦੀ ਆਸ ਦਾ ਸਫ਼ਰ ਹੈ
- 0 -
ਨਿੱਘ ਅੱਗ ਜਲ ਜੰਗਲ ਥਲ ਦਾ ਸਫ਼ਰ
ਹਰ ਸਫ਼ਰ ਪਹਿਲੇ ਕਦਮ ਨਾਲ ਜਨਮਦਾ ਹੈ
ਪਰ ਰਾਹਗੀਰ ਨੂੰ
ਪਹਿਲਾਂ ਆਪਣਾ ਆਪ ਗੁਆਣਾ ਪੈਂਦਾ ਹੈ

ਫਿਰ ਸਫ਼ਰ ਦੀ ਭੇਟ ਕਰਨਾ ਹੈ
ਕੁਝ ਸਫ਼ਰ ਨੇ
ਰਾਹਗੀਰ ਦੀ ਤਲੀ ਤੇ ਧਰਨਾ ਹੈ
ਤਲੀ ਤੇ ਧਰਿਆ ਰਾਹਗੀਰ ਨੇ ਜ਼ਿੰਦਗੀ ਨੂੰ ਭੇਟ ਕਰਨਾ ਹੈ
ਨਿੱਘ ਦੇ ਸਫ਼ਰ 'ਚ ਆਪਾ ਨਿਹਾਰਨਾ ਹੈ
ਅੱਗ ਦੇ ਸਫ਼ਰ 'ਚ ਆਪਾ ਉਤਾਰਨਾ ਹੈ
ਜਲ ਦੇ ਸਫ਼ਰ 'ਚ ਨਿਮਰਤਾ ਜਿਉਣਾ ਹੈ
ਜਿਉਣ ਦਾ ਮੁੱਲ ਤਾਰਨਾ ਹੈ
ਜੰਗਲ ਦੇ ਸਫ਼ਰ 'ਚ ਹਾਉਮੈ ਬੀਜਣਾ ਹੈ
ਥਲ ਦੇ ਸਫ਼ਰ 'ਚ ਆਪਣਾ ਸੁੱਖ ਭਾਲਣਾ ਹੈ ।



ਕਵਿਤਾ ਲਹੂ ਮਾਸ ਦੀ ਪ੍ਰਕਿਰਿਆ ਹੈ
ਸ਼ਬਦ ਪਾਠਕ ਨੂੰ ਉਂਗਲੀ ਲਾ
ਅਰਥ ਤਕ ਲੈ ਜਾਂਦਾ ਹੈ
ਅਰਥ ਪਾਠਕ ਸਾਹਵੇਂ ਨੰਗਾ
ਪਰਤ ਦਰ ਪਰਤ ਆਪਾ ਖੋਲ੍ਹਦਾ ਹੈ
ਆਪਣਾ ਅਹਿਸਾਸ ਦ੍ਰਿਸ਼ਟੀ ਕੋਣ
ਪ੍ਰਯੋਜਨ ਜੀਵਨ
ਤੇ ਜੀਵਨ ਧਰਾਤਲ ਬਾਰੇ ਬੋਲਦਾ ਹੈ
ਜੀਵਨ ਤੇ ਜੀਵਨ ਬਾਰੇ
ਆਪਣਾ ਨਜ਼ਰੀਆ ਪੇਸ਼ ਕਰਦਾ ਹੈ
ਆਪਣੇ ਅੰਦਰ ਤੇ ਦੁਆਲੇ ਦੀ ਸਮੱਗਰੀ
ਪਾਠਕ ਦੀ ਤਲੀ ਤੇ ਧਰਦਾ ਹੈ ।

ਚਰਨ ਸਿੰਘ

Tarlochan Publishers

BINDU TE DAIRE